## ਖ਼ੂਨ-ਖਰਾਬੇ ਦਾ ਦਹਾਕਾ

*ਮੌਤ ਅੰਕੜਿਆਂ ਦੀ ਚੋਣ :*

ਉਨ੍ਹਾਂ ਲੋਕਾਂ ਦੇ ਅੰਕੜੇ ਜਿਹੜੇ ਰੌਲੇ-ਰੱਪੇ ਵਿਚ ਮਾਰੇ ਗਏ ਸਨ, ਨਾ ਤਾਂ ਮੁਕੰਮਲ ਹੀ ਹਨ ਅਤੇ ਨਾ ਹੀ ਸਹੀ ਜਿਸ ਵਿਚ ਸਾਰਾ ਪੰਜਾਬ ਲਪੇਟਿਆ ਗਿਆ ਸੀ। ਸਰਕਾਰ ਦੁਆਰਾ ਦੱਸੇ ਗਏ ਅੰਕੜੇ ਅਖਬਾਰਾਂ ਵਿਚ ਆਏ ਅੰਕੜਿਆਂ ਅਤੇ ਹਿਊਮਨ ਰਾਈਟਸ ਗਰੁੱਪਾਂ ਅਤੇ ਹੋਰਨਾਂ ਦੁਆਰਾ ਦਿੱਤੇ ਗਏ ਅੰਕੜਿਆਂ ਵਿਚ ਫ਼ਰਕ ਹੈ।

ਜਾਨ-ਮਾਲ ਦੇ ਸਹੀ ਅੰਕੜਿਆਂ ਦਾ ਅਨੁਮਾਨ ਲਗਾਉਣਾ ਔਖਾ ਹੈ ਕਿਉਂਕਿ ਹੱਤਿਆਵਾਂ ਗੈਰ-ਕਾਨੂੰਨੀ ਢੰਗ ਨਾਲ ਕੀਤੀਆਂ ਗਈਆਂ ਅਤੇ ਮਾਰੇ ਗਏ ਲੋਕਾਂ ਦੀ ਗਿਣਤੀ ਬਾਰੇ ਸਰਕਾਰ ਦੁਆਰਾ ਜਾਣ-ਬੁੱਝ ਕੇ ਗਲਤ ਖਬਰਾਂ ਫੈਲਾਈਆਂ ਗਈਆਂ ਸਨ। ਪੰਜਾਬ ਵਿਚ ਮਾਰੇ ਗਏ ਵਿਅਕਤੀਆਂ ਦੀ ਗਿਣਤੀ ਦੇ ਸਮੇਂ ਸਮੇਂ ਤੇ ਦਿੱਤੇ ਗਏ ਸਰਕਾਰੀ ਅੰਕੜੇ ਇਕ ਦੂਜੇ ਨਾਲ ਮੇਲ ਨਹੀਂ ਖਾਂਦੇ।

1993 ਵਿਚ ਪੁਲਿਸ ਨੇ 1992 ਵਿਚ ਮਾਰੇ ਗਏ ਅੱਤਵਾਦੀਆਂ ਦੀ ਸੂਚੀ ਛਪਵਾਈ। ਇਹ ਗਿਣਤੀ 2,119 ਸੀ। ਇਨ੍ਹਾਂ ਵਿਚੋਂ ਇਹ ਦਾਅਵਾ ਕੀਤਾ ਗਿਆ ਕਿ 134 ਨੇ 23,646 ਲੋਕ ਮਾਰੇ[4] ਭਾਵ ਇਕ ਦੋਸ਼ੀ ਵਲੋਂ 176 ਮਾਰੇ ਗਏ ਆਦਮੀ ਸਨ। 2,119 ਵਿਚੋਂ 134 ਕੱਢੋ ਤਾਂ ਬਾਕੀ 1985 ਬਚਦੇ ਹਨ। ਜੇਕਰ 1985 ਵਿਅਕਤੀਆਂ ਦੇ ਸਿਰ “ਕੇਵਲ” 10 ਮੌਤਾਂ ਲਾਈਆਂ ਜਾਣ, ਇਸ ਤਰ੍ਹਾਂ ਉਨ੍ਹਾਂ ਦੇ ਸ਼ਿਕਾਰਾਂ ਦੀ ਗਿਣਤੀ 19,850 ਹੋਵੇਗੀ। 23,646 ਅਤੇ 19,850 ਨੂੰ ਜੋੜੀਏ ਤਾਂ ਕੁਲ ਜੋੜ 43,496 ਬਣਦਾ ਹੈ। ਇਸ ਤੋਂ ਇਲਾਵਾ, ਕਈ ਅੱਤਵਾਦੀ 1992 ਤੋਂ ਪਹਿਲਾਂ ਮਾਰੇ ਗਏ ਸਨ ਅਤੇ ਕਈ ਕਦੀ ਵੀ ਮਰੇ ਨਹੀਂ ਸਨ : ਇਨ੍ਹਾਂ ਵਿਅਕਤੀਆਂ ਨੇ ਭੀ ਬਹੁਤ ਸਾਰੇ ਵਿਅਕਤੀਆਂ ਨੂੰ ਮਾਰ ਦਿੱਤਾ ਹੋਵੇਗਾ। ਫਿਰ ਪੁਲਿਸ ਇਹ ਕਿਵੇਂ ਕਹਿ ਦੇਵੇਗੀ ਕਿ ਕੁਲ ਗਿਣਤੀ (ਅੱਤਵਾਦੀ+ਪੁਲਿਸ+ਲੋਕ) ਕੇਵਲ 21,000 ਹੈ?

ਜਦੋਂ ਇਨ੍ਹਾਂ ਦੇ ਅੰਕੜਿਆਂ ਦਾ ਟਾਕਰਾ ਕੀਤਾ ਗਿਆ ਤਾਂ ਸਰਕਾਰ ਨੇ ਉੱਤਰ ਦਿੱਤਾ ਕਿ ਕੁਝ ਕੇਸਾਂ ਵਿਚ ਹੱਤਿਆਵਾਂ ਇਕ ਤੋਂ ਵੱਧ ਅੱਤਵਾਦੀਆਂ ਜਿੰਮੇ ਲਗਾਈਆਂ ਹੋਣੀਆਂ ਸਨ, ਪਰੰਤੂ ਇਹ ਉੱਤਰ ਏਨੇ ਜ਼ਿਆਦਾ ਫਰਕ ਲਈ ਬੜੀ ਮੁਸ਼ਕਲ ਨਾਲ ਹੀ ਮੇਲ ਖਾਵੇਗਾ ਜੋ ਕਿ 1.5 ਲੱਖ ਵਿਅਕਤੀਆਂ

ਤਕ ਪਹੁੰਚ ਜਾਵੇਗਾ?

ਸਪੱਸ਼ਟ ਹੈ ਕਿ ਪੁਲਿਸ ਦੇ ਅੰਕੜੇ ਅੰਤਰ-ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਸੰਯੁਕਤ ਰਾਸ਼ਟਰ ਦੇ ਅੱਖੀਂ ਘੱਟਾ ਪਾਉਣ ਲਈ ਘਟਾ ਕੇ ਦਿੱਤੇ ਗਏ ਹਨ।

ਪੁਲਿਸ ਦੇ ਅੰਕੜੇ ਇਕੋ ਸਮੇਂ ਲਈ ਅਕਸਰ ਮੇਲ ਨਹੀਂ ਖਾਂਦੇ ਹਨ। ਉਦਾਹਰਣ ਲਈ, ਦਸੰਬਰ 21, 1991 ਨੂੰ **ਟਾਈਮਜ਼ ਆਫ਼ ਇੰਡੀਆ** ਨੇ ਪੁਲਿਸ ਅੰਕੜਿਆਂ ਦਾ ਇਹ ਦੱਸਣ ਲਈ ਹਵਾਲਾ ਦਿੱਤਾ ਕਿ "1991 ਵਿਚ ਗੜਬੜੀ ਵਾਲੇ ਪੰਜਾਬ ਰਾਜ ਵਿਚ ਖ਼ੂਨ-ਖਰਾਬਾ ਜਾਰੀ ਰਿਹਾ ਅਤੇ ਖਾੜਕੂ ਹਿੰਸਾ ਵਿਚ 7,000 ਤੋਂ ਵੱਧ ਲੋਕ ਮਾਰੇ ਗਏ"। ਪੰਜਾਬ ਪੁਲਿਸ ਦੁਆਰਾ ਦਿੱਤੇ ਗਏ ਅੰਕੜਿਆਂ ਦੀ ਇਕ ਹੋਰ ਸੂਚੀ ਵਿਚ 1991 ਦੌਰਾਨ ਹੋਈਆਂ ਮੌਤਾਂ ਦੀ ਗਿਣਤੀ 5,264 ਸੀ ਜਿਨ੍ਹਾਂ ਵਿਚੋਂ 2,177 ਖਾੜਕੂ ਸਨ। ਇਸ ਵਿਚ ਕੋਈ 1,736 ਵਿਅਕਤੀਆਂ ਦਾ ਫ਼ਰਕ ਹੈ।

**ਇੰਡੀਅਨ ਐਕਸਪ੍ਰੈਸ** ਵਿਚ ਛਪੀ (ਜਨਵਰੀ 24, 1994) ਦੀ ਇਸ ਖਬਰ ਅਨੁਸਾਰ ਪੁਲਿਸ ਦੇ ਡਾਇਰੈਕਟਰ ਜਨਰਲ ਕੇ.ਪੀ.ਐਸ. ਗਿੱਲ ਨੇ ਐਲਾਨ ਕੀਤਾ ਕਿ ਪੰਜਾਬ ਵਿਚ ਅੱਤਵਾਦੀਆਂ ਸਮੇਤ 20,000 ਤੋਂ ਲੈ ਕੇ 25,000 ਤਕ ਲੋਕਾਂ ਦੀਆਂ ਮੌਤਾਂ ਅੱਤਵਾਦ ਦੇ ਭੜਕਣ ਤੋਂ ਬਾਅਦ ਹੋ ਗਈਆਂ ਹਨ।

ਉਸ ਤੋਂ ਕੋਈ 30 ਦਿਨਾਂ ਬਾਅਦ, ਗਿੱਲ ਨੇ ਅੰਕੜੇ 10,000 ਦੇ ਕਰੀਬ ਕਰ ਦਿੱਤੇ। 4 ਮਾਰਚ, 1994 ਦੀ **ਟਾਈਮਜ਼ ਆਫ਼ ਇੰਡੀਆ** ਨੇ ਭੁਪਾਲ ਵਿਖੇ "ਅੱਤਵਾਦ ਅਤੇ ਪੰਜਾਬ" ਤੇ ਦਿੱਤੇ ਭਾਸ਼ਣ ਦੀ ਖਬਰ ਛਾਪੀ। "ਮਿਸਟਰ ਗਿੱਲ ਨੇ ਕਿਹਾ ਕਿ ਪੰਜਾਬ ਵਿਚ ਹੁਣ ਤਕ ਲਗਭਗ 35,000 ਲੋਕ ਮਾਰੇ ਜਾ ਚੁੱਕੇ ਹਨ ਅਤੇ ਇਨ੍ਹਾਂ ਵਿਚੋਂ 60 ਪ੍ਰਤਿਸ਼ਤ ਸਿੱਖ ਹਨ ਅਤੇ 40 ਪ੍ਰਤਿਸ਼ਤ ਹਿੰਦੂ।"

ਗਿੱਲ ਦੀ 40 ਪ੍ਰਤਿਸ਼ਤ ਦਾ ਅੰਕੜਾ ਇਸ ਅਧਿਆਇ ਦੇ ਆਖੀਰ ਵਿਚ ਹਵਾਲਾ ਦਿੱਤੇ ਗਏ ਪੰਜਾਬ ਦੇ ਸਾਬਕਾ ਡੀ ਜੀ ਪੀ ਕੇ.ਐਸ. ਢਿੱਲੋਂ ਦੁਆਰਾ ਦਿੱਤੇ ਗਏ ਸਰਕਾਰੀ ਅੰਕੜਿਆਂ ਨੇ ਅਪ੍ਰਵਾਨ ਕਰ ਦਿੱਤਾ।

[ਨੋਟ : ਉਸੇ ਭਾਸ਼ਣ ਵਿਚ ਗਿੱਲ ਨੇ ਇਹ ਵੀ ਕਿਹਾ ਕਿ "ਪੰਜਾਬ ਵਿਚ ਅੱਤਵਾਦ ਲਈ ਫੜੇ ਗਏ 16,000 ਤੋਂ 17,000 ਵਿਚੋਂ ਸਿਰਫ 0.07 ਪ੍ਰਤਿਸ਼ਤ ਨੂੰ ਦੋਸ਼ੀ ਸਿੱਧ ਕੀਤਾ ਗਿਆ ਕਿਉਂਕਿ ਲੋਕੀ ਗਵਾਹੀ ਤੋਂ ਡਰਦੇ ਸਨ। ਉਸ ਨੇ ਹੋਰ ਕਿਹਾ ਕਿ ਇਸ ਸਮੇਂ ਪੰਜਾਬ ਵਿਚ ਨਜ਼ਰਬੰਦੀ ਅਧੀਨ 700 ਅੱਤਵਾਦੀ ਹਨ ਅਤੇ 1700 ਪੁਲਿਸ ਕਰਮਚਾਰੀ ਅਤੇ ਏਨੇ ਹੀ ਫੌਜੀਆਂ ਨੇ ਅੱਤਵਾਦ ਦਾ ਟਾਕਰਾ ਕਰਦਿਆਂ ਆਪਣੀਆਂ ਜਾਨਾਂ ਗੁਵਾ ਦਿੱਤੀਆਂ ਹਨ।"]

ਪੰਜਾਬ ਪੁਲਿਸ ਨੇ 1984-1993 ਦੇ ਆਪਣੇ ਐਲਾਨ ਵਿਚ 21,087

ਦਾ ਅੰਕੜਾ ਦਿੱਤਾ ਜਿਨ੍ਹਾਂ ਵਿਚ 7,628 ਅੱਤਵਾਦੀ ਦੱਸੇ ਗਏ ਸਨ।

ਫਰਵਰੀ, 1995 ਵਿਚ ਪੰਜਾਬ ਖੇਤਰ ਵਿਚ ਛੱਪੀਆਂ ਸਾਰੀਆਂ ਕੌਮੀ ਅਖਬਾਰਾਂ ਵਿਚ ਦਿੱਤੇ ਗਏ ਇਕ ਇਸ਼ਤਿਹਾਰ ਵਿਚ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੇ ਕਿਹਾ ਕਿ "30,000 ਨਿਰਦੋਸ਼ ਲੋਕਾਂ" ਦੀਆਂ ਜਾਨਾਂ ਗਈਆਂ ਹਨ। (ਕਾਂਗਰਸ ਪਾਰਟੀ ਪੰਜਾਬ ਅਤੇ ਕੇਂਦਰ ਵਿਚ ਸੱਤਾ ਵਿਚ ਸੀ।) ਜੇਕਰ ਮਾਰੇ ਗਏ 17,628 ਅੱਤਵਾਦੀ (ਪੁਲਿਸ ਅੰਕੜਿਆਂ ਅਨੁਸਾਰ) ਅਤੇ 1,769 ਪੁਲਿਸ ਵਾਲੇ ਅਤੇ (ਗਿੱਲ ਅਨੁਸਾਰ) ਏਨੇ ਫੌਜੀ - ਅੰਦਾਜ਼ਨ ਕਹਿ ਲਓ - ਜਿਹੜੇ ਮਾਰੇ ਗਏ ਸਨ, ਨੂੰ ਜੋੜੀਏ ਤਾਂ ਕੁਲ ਅੰਕੜਾ 41,097 ਵਿਅਕਤੀ ਬਣਦਾ ਹੈ। ਪੀ ਪੀ ਸੀ ਸੀ ਦੀ ਸਰਕਾਰੀ ਰਿਕਾਰਡ ਤਕ ਪਹੁੰਚ ਹੈ।

ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਰਾਮਾਸਵਾਮੀ ਨੇ ਪੁਲਿਸ ਦੇ ਕੇਸ ਦੀ ਪੈਰਵੀ ਕਰਦਿਆਂ ਅਦਾਲਤ ਵਿਚ ਕਿਹਾ ਕਿ ਪੰਜਾਬ ਵਿਚ ਅੱਤਵਾਦ ਨਾਲ ਲੜਦਿਆਂ 55,000 ਨਿਰਦੋਸ਼ ਲੋਕ ਮਾਰੇ ਗਏ ਸਨ। 17 ਮਈ, 1998 ਦੇ ਅੰਗਰਜ਼ੀ **ਟ੍ਰਿਬਿਊਨ** ਵਿਚ ਪੱਤਰਕਾਰ ਨੇ ਦੱਸਿਆ ਕਿ ਸਰਕਾਰ ਦੇ ਸੀਨੀਅਰ ਮੰਤਰੀ ਦੇ ਕਥਨ ਅਨੁਸਾਰ ਪੰਜਾਬ ਵਿਚ 50,000 ਨਿਰਦੋਸ਼ ਬੰਦੇ ਖਾੜਕੂਵਾਦ ਵਿਚ ਮਾਰੇ ਗਏ ਹਨ। ਜੇਕਰ ਇਸ ਵਿਚ ਪੰਜਾਬ ਪੁਲਿਸ ਦੁਆਰਾ ਦੱਸੇ ਗਏ ਪੁਲਿਸ ਦੇ 1,769 ਅਤੇ ਆਰਮੀ ਦੇ 1,700 ਦੇ ਅੰਕੜੇ ਨੂੰ ਜੋੜ ਦਿੱਤਾ ਜਾਵੇ ਤਾਂ ਕੁਲ ਅੰਕੜਾ 58,469 ਹੋਵੇਗਾ।

ਅਪ੍ਰੈਲ 13, 1995 ਨੂੰ ਯੂਨਾਈਟਿਡ ਅਕਾਲੀ ਦਲ ਨੇ ਆਪਣੇ ਤਲਵੰਡੀ ਸਾਬੋ ਵਿਖੇ ਹੋਏ ਇਕੱਠ ਵਿਚ 1984-1994 ਤਕ ਦੇ ਸਮੇਂ ਦੌਰਾਨ ਮਾਰੇ ਗਏ ਸਿੱਖਾਂ ਦੀ ਗਿਣਤੀ ਦਾ ਆਪਣਾ ਅਨੁਮਾਨ ਪੇਸ਼ ਕੀਤਾ : ਉਨ੍ਹਾਂ ਨੇ ਇਹ ਅੰਕੜਾ 1,45,000 ਪੇਸ਼ ਕੀਤਾ।

ਤਿੰਨ ਮਨੁੱਖੀ ਅਧਿਕਾਰ ਗਰੁੱਪਾਂ ਅਤੇ ਤਿੰਨ ਐਡਵੋਕੇਟ ਜਨਰਲਾਂ ਨੇ 1984 ਤੋਂ 1994 ਤਕ ਦੇ ਸਮੇਂ ਲਈ ਹੱਤਿਆਵਾਂ ਦੀ ਖੋਜ ਕੀਤੀ। ਉਨ੍ਹਾਂ ਨੇ ਪੁਲਿਸ ਅਤੇ ਸਰਕਾਰੀ ਅੰਕੜਿਆਂ ਅਤੇ ਪ੍ਰੈਸ ਨੂੰ ਜਾਰੀ ਕੀਤੇ ਬਿਆਨਾਂ ਦੀ ਛਾਣ-ਬੀਣ ਕੀਤੀ ਅਤੇ ਲੋਕਾਂ ਦੇ ਗੁੱਟਾਂ ਦੀ ਗਵਾਹੀ ਲਈ। ਉਨ੍ਹਾਂ ਦੀਆਂ ਪੜਤਾਲਾਂ ਦਾ ਸਿੱਟਾ 1,80,000 ਹੈ। ਜੇਕਰ ਕੋਈ ਸਰਕਾਰ ਦੇ ਪੱਖ ਨੂੰ ਮੰਨਦਾ ਹੈ, ਤਾਂ ਇਨ੍ਹਾਂ ਵਿਚੋਂ ਬਹੁਤੇ ਅੱਤਵਾਦੀਆਂ ਦੀਆਂ ਗੋਲੀਆਂ ਨਾਲ ਮਰੇ ਹਨ। ਲੇਕਿਨ ਜਨਤਾ ਦੇ ਗੁੱਟਾਂ ਦੀ ਗਵਾਹੀ ਤੋਂ ਪਤਾ ਲਗਦਾ ਹੈ ਕਿ ਮਾਰੇ ਗਏ ਬਹੁਤੇ ਵਿਅਕਤੀ, ਅੱਤਵਾਦ ਨਾਲ ਜੂਝਣ ਅਤੇ ਇਨਾਮ ਜਿੱਤਣ ਲਈ ਕੀਤੇ ਝੂਠੇ ਮੁਕਾਬਲਿਆਂ ਵਿਚ ਮਾਰੇ ਗਏ ਖਾੜਕੂਆਂ ਦੇ ਹਮਦਰਦ ਨਿਹੱਥੇ ਲੋਕ ਸਨ।

ਇਕ ਸਭ ਤੋਂ ਵੱਧ ਲੋੜੀਂਦਾ ਦਸਤਾਵੇਜ਼ 1993[5] ਵਿਚ ਪੰਜਾਬ ਦੇ ਰਾਜਪਾਲ ਸੁਰਿੰਦਰ ਨਾਥ ਨੂੰ ਪੰਜਾਬ ਸਿਵਲ ਸੇਵਾਵਾਂ ਦੁਆਰਾ ਪੇਸ਼ ਕੀਤਾ ਗਿਆ ਯਾਦ-ਪੱਤਰ ਹੈ। ਇਨ੍ਹਾਂ ਅਫ਼ਸਰਾਂ ਨੇ ਉਸ ਵਿਚ ਪੰਜਾਬ ਵਿਚ ਅੱਤਵਾਦ ਦੇ ਉੱਠਣ ਅਤੇ ਇਸ ਦੇ ਪਤਨ ਅਤੇ ਪੁਲਿਸ ਦੀ ਭੂਮਿਕਾ ਦਾ ਪਤਾ ਲਗਾਉਣ

ਲਈ ਇਕ ਨਿਆਂਇਕ ਕਮਿਸ਼ਨ ਗਠਿਤ ਕਰਨ ਦੀ ਮੰਗ ਕੀਤੀ ਸੀ। ਅਫ਼ਸਰਾਂ ਨੇ ਪੁਆਇੰਟ ਆਊਟ ਕੀਤਾ ਕਿ ਪੁਲਿਸ ਨੇ ਲੋੜੀਂਦੇ ਵਿਅਕਤੀਆਂ ਦੀ ਸੂਚੀ ਕਦੀ ਪੇਸ਼ ਨਹੀਂ ਕੀਤੀ ਜਿਹੜੀ ਜਨਤਾ ਨੂੰ ਅਜਿਹੇ ਵਿਅਕਤੀਆਂ ਨੂੰ ਪਕੜਨ ਵਿਚ ਮਦਦ ਕਰਨ ਦੀ ਆਗਿਆ ਦਿੰਦੀ। ਬਜਾਏ ਇਸਦੇ ਲੋਕਾਂ ਨੇ ਵਾਰ-ਵਾਰ ਇਹੋ ਸ਼ਿਕਾਇਤ ਕੀਤੀ ਕਿ ਪੁਲਿਸ ਦੁਆਰਾ ਮੁਕਾਬਲਿਆਂ ਵਿਚ ਮਾਰੇ ਗਏ ਨੌਜਵਾਨ ਬੇਕਸੂਰ ਸਨ। ("ਮਾਰੇ ਗਏ ਵਿਅਕਤੀਆਂ ਦੀ ਗਿਣਤੀ ਲੱਖਾਂ ਵਿਚ ਚਲੇ ਜਾਵੇਗੀ, ਅਰਥਾਤ 2,00,000 ਤੋਂ ਵੀ ਵੱਧ।")

### *ਗਾਇਬ ਕੀਤੇ ਗਏ ਵਿਅਕਤੀ*

ਪਿਛਲੇ ਦਹਾਕੇ ਦੌਰਾਨ ਪੰਜਾਬ ਵਿਚ ਗੁੰਮ ਹੋਏ ਲੋਕਾਂ ਦੀ ਗਿਣਤੀ ਹਰ ਰੋਜ਼ ਵੱਧੀ ਹੈ ਅਤੇ 1994 ਤਕ ਮਨੁੱਖੀ ਅਧਿਕਾਰ ਗਰੁੱਪਾਂ ਅਨੁਸਾਰ ਰਾਜ ਵਿਚ ਗੁੰਮ ਹੋਣ ਦੇ ਕੇਸ ਲਗਭਗ 50,000 ਸਨ। ਪਰੰਤੂ ਇਸ ਦੀ ਹੋਰ ਸੂਚਨਾ ਆ ਰਹੀ ਹੈ, ਇਹ ਅੰਕੜਾ ਵੱਧ ਸਕਦਾ ਹੈ । ਇਹ ਕੁੱਝ ਪੱਤਰਕਾਰਾਂ ਦਾ ਵੀ ਅੰਦਾਜ਼ਾ ਹੈ। (**ਏਸ਼ੀਅਨ ਏਜ** ਫਰਵਰੀ, 8 ਅਤੇ **ਪਾਇਨਿਅਰ**, ਫਰਵਰੀ 4, 1995 ਵਿਚ ਦਿੱਤੀ ਗਈ ਰਿਪੋਰਟ ਵਿਚ ਹਵਾਲਾ ਦਿੱਤਾ ਗਿਆ।)

ਮਾਰੇ ਗਿਆਂ ਦੀ ਗਿਣਤੀ ਲਈ ਗਵਾਹੀ ਦਾ ਹੋਰ ਸਾਧਨ ਪੰਜਾਬ ਅਤੇ ਗਵਾਂਢੀ ਰਾਜਾਂ ਦੇ ਦਰਿਆਵਾਂ ਅਤੇ ਨਹਿਰਾਂ ਵਿਚੋਂ ਮਿਲੀਆਂ ਲਾਸ਼ਾਂ ਦੀ ਗਿਣਤੀ ਹੈ। ਰਾਜਸਥਾਨ ਸਰਕਾਰ ਵੀ ਰਿਕਾਰਡ ਤੇ ਹੈ : ਇਸ ਰਾਜ ਨੇ ਮੁੱਖ ਸਕੱਤਰ, ਪੰਜਾਬ ਨੂੰ ਪੰਜਾਬ ਵਿਚੋਂ ਦੀ ਵਗਦੀਆਂ ਨਹਿਰਾਂ ਰਾਹੀਂ ਉਸ ਰਾਜ ਵਿਚ ਰੁੜ੍ਹ ਕੇ ਆਈਆਂ ਬਹੁਤ ਸਾਰੀਆਂ ਲਾਸ਼ਾਂ ਬਾਰੇ ਸ਼ਿਕਾਇਤ ਕਰਦੀਆਂ ਬਹੁਤ ਸਾਰੀਆਂ ਟੈਲੀਗ੍ਰਾਮਾਂ ਦਿੱਤੀਆਂ।

1993 ਵਿਚ, ਸਰਹਿੰਦ ਨਹਿਰ ਦੇ ਬੰਦ ਕੀਤੇ ਜਾਣ ਦੌਰਾਨ ਅਖਬਾਰਾਂ ਵਿਚ ਖਬਰਾਂ ਛਪੀਆਂ ਕਿ ਨਹਿਰ ਦਾ ਪਾਣੀ ਹੇਠਾਂ ਆਉਣ ਨਾਲ ਬਹੁਤ ਸਾਰੀਆਂ ਲਾਸ਼ਾਂ ਦੇਖੀਆਂ ਜਾ ਰਹੀਆਂ ਹਨ। ਐਮ ਏ ਐਸ ਆਰ ਨੇ ਇਸ ਦੀ ਜਾਂਚ ਕੀਤੀ ਅਤੇ ਕੌਮੀ ਦੈਨਿਕ ਅਖਬਾਰਾਂ ਦੇ ਦੋ ਰਿਪੋਰਟਰਾਂ ਨੂੰ ਇਹ ਸਭ ਕੁੱਝ ਖੁਦ ਦੇਖਣ ਲਈ ਪ੍ਰੇਰਿਆ।

ਮਾਰਚ 26 ਅਤੇ 27, 1992 ਦੇ ਆਪਣੇ ਅੰਕਾਂ ਵਿਚ **ਪਾਇਨਿਅਰ** ਦੇ ਨਾਮਾਨਿਗਾਰ, ਨਵੀਨ ਗਰੇਵਾਲ ਨੇ ਖਬਰ ਦਿੱਤੀ ਕਿ "ਪੰਜਾਬ ਦੀਆਂ ਸਿੰਜਾਈ ਨਹਿਰਾਂ ਪੁਲਿਸ ਦੁਆਰਾ ਹਿਰਾਸਤ ਵਿਚ ਮਾਰੇ ਗਏ ਸ਼ੱਕੀ ਅੱਤਵਾਦੀਆਂ ਅਤੇ ਉਨ੍ਹਾਂ ਦੇ ਹਮਦਰਦਾਂ ਦੀਆਂ ਲਾਸ਼ਾਂ ਸੁੱਟਣ ਵਾਲੀਆਂ ਥਾਵਾਂ ਬਣ ਗਈਆਂ ਹਨ। ਇਸ ਦਾ ਸਬੂਤ ਉਦੋਂ ਮਿਲਿਆ ਜਦੋਂ ਨਹਿਰ ਦੀ ਮੁਰੰਮਤ ਲਈ ਪਾਣੀ ਬੰਦ ਕੀਤੇ ਜਾਣ ਤੋਂ ਬਾਅਦ ਸਰਹਿੰਦ ਨਹਿਰ ਵਿਚੋਂ ਦਰਜਨਾਂ ਲਾਸ਼ਾਂ, ਜਿਨ੍ਹਾਂ ਵਿਚੋਂ ਕਈਆਂ ਦੇ ਹੱਥ ਅਤੇ ਪੈਰ ਬੰਨ੍ਹੇ ਹੋਏ ਸਨ, ਕੱਢੀਆਂ ਗਈਆਂ।

"ਇਸ ਪੱਤਰਕਾਰ ਨੇ ਸਰਹਿੰਦ ਨਹਿਰ ਦੀ ਕੋਟਲਾ ਬਰਾਂਚ ਦੇ ਨਾਲ-

ਨਾਲ ਨਾਭਾ-ਮਾਲੇਰਕੋਟਲਾ ਸੜਕ ਤੇ ਮੋਹਰਾਣਾ ਪੁਲ ਤੇ ਧੂਰੀ- ਮਾਲੇਰਕੋਟਲਾ ਸੜਕ ਤੇ ਬਾਬਨਪੁਰ ਪੁਲ ਤਕ ਲਗਭਗ ਅੱਠ ਤੋਂ ਦਸ ਕਿਲੋਮੀਟਰਾਂ ਦੀ ਦੂਰੀ ਤਕ ਦੌਰਾ ਕੀਤਾ। ਚਸ਼ਮਦੀਦ ਗਵਾਹਾਂ ਨੇ ਦੱਸਿਆ ਕਿ ਇਸ ਨਹਿਰ ਦੇ ਏਨੇ ਛੋਟੇ ਟੋਟੇ ਵਿਚੋਂ ਘੱਟ ਤੋਂ ਘੱਟ ਸੱਤ ਲਾਸ਼ਾਂ ਬਾਹਰ ਕੱਢੀਆਂ ਗਈਆਂ ਸਨ।

ਬਠਿੰਡਾ ਨਹਿਰ ਦੇ ਟੋਟੇ ਦੀ ਜਾਂਚ ਤੋਂ ਪੰਜ ਲਾਸ਼ਾਂ ਦਾ ਪਤਾ ਲੱਗਾ। ਰਿਪੋਰਟ ਵਿਚ ਸਿੰਜਾਈ ਵਿਭਾਗ ਦੇ ਬੇਲਦਾਰ (ਲਾਈਨਮੈਨ) ਪਰਮੇਸ਼ਰ ਦਾਸ ਦਾ ਹਵਾਲਾ ਦਿੱਤਾ ਗਿਆ : ਉਸ ਨੇ ਕਿਹਾ "ਉਸ ਸਿੱਖ ਨੌਜਵਾਨ ਸਨ, ਉਮਰ ਲਗਭਗ 30 ਸਾਲ, ਦਾੜ੍ਹੀਆਂ ਅਤੇ ਲੰਬੇ ਵਾਲ ਰੱਖੇ ਹੋਏ ਸਨ। ਉਨ੍ਹਾਂ ਵਿਚੋਂ ਇਕ ਦੇ ਹੱਥ ਬੈਲਟ ਨਾਲ ਪਿੱਛੇ ਬੰਨ੍ਹੇ ਹੋਏ ਸਨ ਪਰੰਤੂ ਇਹ ਕਹਿਣਾ ਮੁਸ਼ਕਲ ਹੈ ਕਿ ਕੀ ਕੋਈ ਉਨ੍ਹਾਂ ਦੇ ਸ਼ਰੀਰਾਂ ਤੇ ਗੋਲੀਆਂ ਦੇ ਜ਼ਖ਼ਮ ਸਨ ਕਿਉਂਕਿ ਉਹ ਬੁਰੀ ਤਰ੍ਹਾਂ ਝੁਲਸੇ ਅਤੇ ਸੁੱਜੇ ਹੋਏ ਸਨ।"

ਹੋਰ ਚਸ਼ਮਦੀਦ ਗਵਾਹਾਂ ਜਿਨ੍ਹਾਂ ਨੇ ਮਨੁੱਖੀ ਅਧਿਕਾਰਾਂ ਦੇ ਜਾਂਚ ਕਰਤਾਵਾਂ ਨਾਲ ਗੱਲਬਾਤ ਕੀਤੀ, ਨੇ ਇਸ ਗੱਲ ਨੂੰ ਤਸਦੀਕ ਕੀਤਾ ਕਿ ਲਗਭਗ ਸਾਰੀਆਂ ਲਾਸ਼ਾਂ ਜਵਾਨ ਮੁੰਡਿਆਂ ਦੀਆਂ ਸਨ ਅਤੇ ਸਾਰਿਆਂ ਦੇ ਹੱਥ ਪਿੱਛੇ ਨੂੰ ਬੰਨ੍ਹੇ ਹੋਏ ਸਨ।

ਮਨਮੋਏ ਦਾਸ ਗੁਪਤਾ, **ਟੈਲੀਗ੍ਰਾਮ** ਦੇ ਇਕ ਨਾਮਾਨਿਗਾਰ ਨੇ ਸਰਹਿੰਦ ਨਹਿਰ ਦੇ ਇਕ ਹੋਰ ਸੂਏ ਦੀ ਜਾਂਚ ਕੀਤੀ ਅਤੇ ਰਿਪੋਰਟ ਕੀਤੀ ਕਿ ਸੱਤ ਕਿਲੋਮੀਟਰ ਦੇ ਟੋਟੇ ਵਿਚੋਂ ਪਿੰਡ ਵਾਲਿਆਂ ਨੇ ਸੱਤ ਲਾਸ਼ਾਂ ਕੱਢੀਆਂ ਹਨ। ਇਸ ਨਾਲ ਨਹਿਰਾਂ ਦੇ ਕਰੀਬ 19 ਕਿਲੋਮੀਟਰ ਦੇ ਟੋਟੇ ਵਿਚੋਂ ਲਾਸ਼ਾਂ ਦੀ ਗਿਣਤੀ 19 ਹੋ ਗਈ। ਅਜਿਹੀਆਂ ਹੋਰ ਲਾਸ਼ਾਂ ਦੇਖਣ ਦੀਆਂ ਖਬਰਾਂ ਰਾਜ ਦੇ ਵੱਖ-ਵੱਖ ਭਾਗਾਂ ਤੋਂ ਮਿਲ ਰਹੀਆਂ ਸਨ। ਜਦੋਂ ਕੋਈ ਸੋਚਦਾ ਹੈ ਕਿ ਪੰਜਾਬ ਵਿਚ ਕੁਲ 5,000 ਕਿਲੋਮੀਟਰ ਲੰਬਾਈ ਦੀਆਂ ਨਹਿਰਾਂ ਹਨ, ਤਾਂ ਉਸ ਦੇ ਮਨ ਵਿਚ ਖ਼ੂਨ-ਖਰਾਬੇ ਦੀ ਇਸ ਹਨੇਰ-ਗਰਦੀ ਬਾਰੇ ਵਿਚਾਰ ਆਉਂਦਾ ਹੈ।

ਬਾਅਦ ਵਿਚ, ਰਾਜ ਦੇ ਗ੍ਰਿਹ ਵਿਭਾਗ ਨੇ ਰਾਜ ਦੀ ਪੁਲਿਸ ਦੀ ਅਪਰਾਧ ਸ਼ਾਖਾ ਦੁਆਰਾ ਪੜਤਾਲ ਕਰਾਉਣ ਦਾ ਹੁਕਮ ਦਿੱਤਾ। ਜਿਹੜੀ ਰਿਪੋਰਟ ਦਿੱਤੀ ਗਈ ਸੀ ਉਸ ਵਿਚ **ਪਾਇਨਿਅਰ** ਅਖਬਾਰ ਦੁਆਰਾ ਵਰਣਿਤ ਕੀਤੇ ਗਏ ਕਿਸੇ ਕੇਸਾਂ ਬਾਰੇ ਨਾਂਹ ਤਾਂ ਨਹੀਂ ਕੀਤੀ ਗਈ ਸੀ ਪਰੰਤੂ ਦੂਜੇ ਪਾਸੇ, ਇਸ ਰਿਪੋਰਟ ਵਿਚ ਦੋ ਕੇਸਾਂ ਦਾ ਹਵਾਲਾ ਉਦੋਂ ਦਿੱਤਾ ਗਿਆ ਹੈ ਜਦੋਂ ਚਾਰ ਲਾਸ਼ਾਂ ਜਿਨ੍ਹਾਂ ਵਿਚੋਂ ਕੁੱਝ ਦੇ ਹੱਥ ਅਤੇ ਪੈਰ ਬੰਨ੍ਹੇ ਹੋਏ ਸਨ, 27 ਮਾਰਚ ਤੋਂ ਬਾਅਦ ਨਹਿਰਾਂ ਵਿਚੋਂ ਕੱਢੀਆਂ ਗਈਆਂ ਸਨ ਅਤੇ ਇਹ ਇਸ ਧਾਰਨਾ ਦਾ ਸਬੂਤ ਹੈ ਕਿ ਪੁਲਿਸ ਦੁਆਰਾ ਅੱਤਵਾਦੀਆਂ ਜਾਂ ਉਨ੍ਹਾਂ ਦੇ ਸਮਰਥਕਾਂ ਦੀਆਂ ਲਾਸ਼ਾਂ ਇਸ ਕਰਕੇ ਨਹਿਰਾਂ ਵਿਚ ਸੁੱਟੀਆਂ ਜਾ ਰਹੀਆਂ ਹਨ ਤਾਂ ਕਿ ਉਨ੍ਹਾਂ ਦੀ ਪਹਿਚਾਣ ਤੋਂ ਸਬੂਤ ਨੂੰ ਨਸ਼ਟ ਕੀਤਾ ਜਾ ਸਕੇ।

ਜਦੋਂ ਕੇਂਦਰੀ ਗ੍ਰਿਹ ਮੰਤਰੀ ਐਸ.ਸੀ. ਚਵਾਨ ਨੇ ਅਪ੍ਰੈਲ ਵਿਚ ਪੁਲਿਸ

ਟ੍ਰੇਨਿੰਗ ਸੈਂਟਰ, ਫਿਲੌਰ ਦਾ ਦੌਰਾ ਕੀਤਾ ਤਾਂ ਪੱਤਰਕਾਰਾਂ ਨੇ ਉਸ ਨੂੰ ਰਿਪੋਰਟ ਤੇ ਟਿੱਪਣੀ ਕਰਨ ਲਈ ਕਿਹਾ। ਉਸ ਦਾ ਉੱਤਰ ਸੀ : "ਬੁਲਸ਼ਿਟ! ਇਕ ਉੱਕਾ ਹੀ ਮਨ-ਮਾਨੀ ਅਤੇ ਮਨ-ਘੜੰਤ ਕਹਾਣੀ।"

ਇਸੇ ਤਰ੍ਹਾਂ, 1988 ਵਿਚ, ਜਦੋਂ ਪੰਜਾਬ ਵਿਚ ਬਹੁਤ ਖਤਰਨਾਕ ਹੜ੍ਹ ਆਏ ਤਾਂ ਬਹੁਤ ਭਾਰੀ ਗਿਣਤੀ ਵਿਚ ਲਾਸ਼ਾਂ ਪਾਕਿਸਤਾਨ ਨੂੰ ਰੁੜ੍ਹ ਕੇ ਚਲੀਆਂ ਗਈਆਂ। ਪਾਕਿਸਤਾਨ ਰੇਡੀਓ ਨੇ ਦੱਸਿਆ ਕਿ ਲਗਭਗ 1700 ਲਾਸ਼ਾਂ ਭਾਰਤ ਤੋਂ ਰੁੜ੍ਹ ਕੇ ਪਾਕਿਸਤਾਨ ਆਈਆਂ ਹਨ। ਉਸ ਵਕਤ ਭਾਰਤ ਨੇ ਹੜ੍ਹਾਂ ਵਿਚ ਮਰਨ ਵਾਲਿਆਂ ਦੀ ਗਿਣਤੀ 900 ਦੱਸੀ ਗਈ ਸੀ।

*"ਅਣਪਛਾਤੀਆਂ / ਲਾਵਾਰਿਸ" ਲਾਸ਼ਾਂ ਦਾ ਸਸਕਾਰ :*

ਪੰਜਾਬ ਪੁਲਿਸ ਦੀ ਨਿਯਮਾਵਲੀ ਨੰ: 3 ਦੇ ਅਧਿਆਇ XXV ਵਿਚਲੇ ਨਿਯਮ 25.38 ਵਿਚ ਪੁਲਿਸ ਦੁਆਰਾ ਕਿਸੇ ਲਾਵਾਰਿਸ ਲਾਸ਼ ਦਾ ਨਿਪਟਾਰਾ ਕਰਨ ਲਈ ਵਿਧੀ ਨਿਸ਼ਚਿਤ ਕੀਤੀ ਹੋਈ ਹੈ।

"ਜੇਕਰ ਕੋਈ ਲਾਸ਼ ਸਾਵਾਰਿਸ ਹੈ ਤਾਂ ਤਫਤੀਸ਼ ਕਰ ਵਾਲਾ ਅਫ਼ਸਰ ਉਸ ਲਾਸ਼ ਦੀ ਬਣਾਵਟ ਧਿਆਨਪੂਰਵਕ ਰਿਕਾਰਡ ਕਰੇਗਾ ਜਿਸ ਵਿਚ ਉਸਦੇ ਸ਼ਰੀਰ ਤੇ ਸਾਰੇ ਨਿਸ਼ਾਨਾਂ ਜਾਂ ਚਿੰਨ੍ਹ ਆਦਿ ਰਿਕਾਰਡ ਕੀਤੇ ਜਾਣਗੇ ਅਤੇ ਉਹ ਉਂਗਲੀਆਂ ਦੇ ਨਿਸ਼ਾਨ ਲਵੇਗਾ ਅਤੇ ਇਸ ਤੋਂ ਇਲਾਵਾ ਉਸ ਦੀ ਫੋਟੋ ਖਿੱਚੇਗਾ ਅਤੇ ਜੇਕਰ ਕਿਸੇ ਕੇਸ ਵਿਚ ਉਚਿਤ ਸਮਝਿਆ ਜਾਵੇ ਕਰਿਮੀਨਲ ਇੰਟੈਲੀਜੈਂਸੀ ਗਜ਼ਟ ਵਿਚ ਉਸ ਦੀ ਬਨਾਵਟ ਛਪਵਾਏਗਾ।"

ਅਕਾਲੀ ਦਲ ਮਨੁੱਖੀ ਅਧਿਕਾਰ ਵਿੰਗ ਅਤੇ ਅੰਮ੍ਰਿਤਸਰ ਅਕਾਲੀ ਦਲ (ਏ) ਨੇ 1992 ਤੋਂ 1995 ਤਕ ਦੇ ਸਾਲਾਂ ਦੌਰਾਨ ਅੰਮ੍ਰਿਤਸਰ ਜ਼ਿਲ੍ਹੇ ਵਿਚ ਅਣਪਛਾਤੀਆਂ ਜਾਂ ਲਾਵਾਰਿਸ ਲਾਸ਼ਾਂ ਦਾ ਸਸਕਾਰ ਕਰਨ ਦੇ ਮਾਮਲੇ ਦੀ ਇਕ ਸੁਤੰਤਰ ਜਾਂਚ ਕਰਵਾਉਣ ਦੀ ਬੇਨਤੀ ਕਰਦਿਆਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਇਕ ਪੈਟੀਸ਼ਨ ਦਾਇਰ ਕੀਤੀ। ਪੈਟੀਸ਼ਨ ਵਿਚ ਨੋਟ ਕੀਤਾ ਕਿ ਅੰਮ੍ਰਿਤਸਰ ਜ਼ਿਲ੍ਹੇ ਵਿਚ ਲਗਭਗ 2,000 ਪਰਿਵਾਰ ਅਜਿਹੇ ਹਨ "ਜਿਹੜੇ ਆਪਣੇ ਬੱਚਿਆਂ ਦੇ ਵਾਪਸ ਆਉਣ ਦਾ ਇੰਤਜ਼ਾਰ ਕਰ ਰਹੇ ਹਨ ਕਿਉਂਕਿ ਉਹ ਪੁਲਿਸ ਦੇ ਇਸ ਪੱਖ ਤੇ ਵਿਸ਼ਵਾਸ ਨਹੀਂ ਕਰ ਰਹੇ ਕਿ ਕੀ ਉਨ੍ਹਾਂ ਦੇ ਬੱਚੇ ਮਰ ਗਏ ਜਾਂ ਜਿਊਂਦੇ ਹਨ। ਕਈ ਕੇਸਾਂ ਵਿਚ ਜਿਥੇ ਪੁਲਿਸ ਨੇ ਦਾਅਵਾ ਕੀਤਾ ਕਿ ਆਦਮੀ ਮਰ ਚੁੱਕਾ ਹੈ ਪਰੰਤੂ ਦਰਅਸਲ ਉਹ ਜਿਊਂਦਾ ਹੁੰਦਾ ਹੈ।"

ਪੈਟੀਸ਼ਨ ਵਿਚ ਪਿੰਡ ਬੁੱਟਰਕਲਾਂ, ਤਹਿਸੀਲ ਬਾਬਾ ਬਕਾਲਾ ਦੇ ਹਰਜੀਤ ਸਿੰਘ ਪੁੱਤਰ ਕਸ਼ਮੀਰ ਸਿੰਘ ਦੇ ਕੇਸ ਦਾ ਵਰਣਨ ਕੀਤਾ ਗਿਆ। ਪੁਲਿਸ ਨੇ ਕਸ਼ਮੀਰ ਸਿੰਘ ਨੂੰ ਦੱਸਿਆ ਕਿ ਉਸ ਦਾ ਪੁੱਤਰ ਅਪ੍ਰੈਲ 12, 1993 ਨੂੰ ਇਕ ਮੁੱਠ-ਭੇੜ ਵਿਚ ਮਾਰਿਆ ਗਿਆ ਸੀ। ਬਾਅਦ ਵਿਚ ਕਸ਼ਮੀਰ ਸਿੰਘ ਨੇ ਅਦਾਲਤ ਨੂੰ ਪਹੁੰਚ ਕੀਤੀ ਜਿਸ ਨੇ ਇਕ ਅਫ਼ਸਰ ਆਰ.ਐਲ. ਭਾਟੀਆ ਨੂੰ

ਹਰਜੀਤ ਸਿੰਘ ਦੇ ਥਹੁ-ਟਿਕਾਣੇ ਬਾਰੇ ਪਤਾ ਕਰਨ ਲਈ ਨਿਯੁਕਤ ਕੀਤਾ। ਉਸ ਸਾਲ ਦੇ ਅਗਸਤ ਵਿਚ ਭਾਟੀਆ ਮਾਲ ਮੰਡੀ, ਅੰਮ੍ਰਿਤਸਰ ਗਿਆ ਅਤੇ ਹਰਜੀਤ ਸਿੰਘ ਨੂੰ ਜੇਲ੍ਹ ਵਿਚ ਜਿਊਂਦਾ ਦੇਖਿਆ। ਹਰਜੀਤ ਨੂੰ ਪੁਲਿਸ ਫਿਰ ਉਥੋਂ ਹੋਰ ਕਿਤੇ ਲੈ ਗਈ ਪਰੰਤੂ ਮੁੱਦਾ ਇਹ ਹੈ ਕਿ ਪੁਲਿਸ ਨੇ ਕਸ਼ਮੀਰ ਸਿੰਘ ਨੂੰ ਝੂਠ ਮਾਰਿਆ ਸੀ।

ਪੈਟੀਸ਼ਨ ਵਿਚ ਅੰਮ੍ਰਿਤਸਰ, ਪੱਟੀ ਅਤੇ ਤਰਨ ਤਾਰਨ ਦੀਆਂ ਮਿਉਂਸਿਪਲ ਸ਼ਮਸ਼ਾਨਘਾਟਾਂ ਦੇ ਰਿਕਾਰਡ ਮੰਗਵਾਏ ਗਏ। ਤਰਨ ਤਾਰਨ ਵਿਖੇ ਅਣਪਛਾਤੀਆਂ/ ਲਾਵਾਰਿਸ ਲਾਸ਼ਾਂ ਦੀ ਗਿਣਤੀ 700 ਸੀ, ਪੱਟੀ ਵਿਖੇ 400 ਅਤੇ ਅੰਮ੍ਰਿਤਸਰ ਸ਼ਹਿਰ ਵਿਖੇ ਦੁਰਗਿਆਨਾ ਸ਼ਮਸ਼ਾਨ ਘਾਟਾਂ ਵਿਚ 300 ਸੀ।

ਮੁਨੱਖੀ ਅਧਿਕਾਰ ਵਿੰਗ (ਸ਼੍ਰੋਮਣੀ ਅਕਾਲੀ ਦਲ) ਦੀ ਰਿਪੋਰਟ ਵਿਚ ਦਰਜ ਕੀਤਾ ਗਿਆ ਕਿ ਪੱਟੀ ਸ਼ਮਸ਼ਾਨਘਾਟ ਤੇ ਲਾਸ਼ਾਂ ਦੂਰ ਦੂਰ ਦੇ ਪਿੰਡਾਂ ਅਤੇ ਕਸਬਿਆਂ ਤੋਂ ਲਿਆਂਦੀਆਂ ਗਈਆਂ ਸਨ ਜਿਵੇਂ ਖਾਲੜਾ (40 ਕਿਲੋਮੀਟਰ), ਵਲਟੋਹਾ (30 ਕਿਲੋਮੀਟਰ), ਭਿੱਖੀ (25 ਕਿਲੋਮੀਟਰ) ਅਤੇ ਹੋਰ ਕਈ ਪਿੰਡਾਂ ਤੋਂ ਜੋ ਸ਼ਹਿਰ ਤੋਂ 10 ਤੋਂ ਲੈ ਕੇ 15 ਕਿਲੋਮੀਟਰ ਦੂਰੀ ਤੇ ਸਨ।

ਅੰਮ੍ਰਿਤਸਰ ਦੇ ਰਿਕਾਰਡ ਤੋਂ ਪਤਾ ਲੱਗਾ ਕਿ ਅਸਲ 300 ਅਣਪਛਾਤੀਆਂ / ਲਾਵਾਰਿਸ ਲਾਸ਼ਾਂ ਵਿਚੋਂ ਗੋਲੀ ਦੇ ਜ਼ਖ਼ਮਾਂ ਜਾਂ ਪੁਲਿਸ ਮੁਕਾਬਲਿਆਂ ਵਿਚ ਮਾਰੇ ਗਏ ਸਿਰਫ 41 ਲਾਸ਼ਾਂ ਦਾ ਰਿਕਾਰਡ ਸੀ ਪਰੰਤੂ ਪੋਸਟਮਾਰਟਮ ਰਿਕਾਰਡ ਸਿਰਫ 24 ਦਾ ਹੀ ਕਰਵਾਇਆ ਗਿਆ ਸੀ। 259 ਵਿਅਕਤੀਆਂ ਦੇ ਕੇਸ ਵਿਚ ਮੌਤ ਦਾ ਕੋਈ ਕਾਰਣ ਰਿਕਾਰਡ ਨਹੀਂ ਕੀਤਾ ਗਿਆ ਸੀ। ਇਨ੍ਹਾਂ ਵਿਚੋਂ ਇਕ ਲਾਸ਼ ਚਮਕੌਰ ਸਾਹਿਬ, ਜ਼ਿਲ੍ਹਾ ਰੋਪੜ ਤੋਂ ਲਿਆਂਦੀ ਗਈ ਸੀ ਜੋ ਕਿ ਅੰਮ੍ਰਿਤਸਰ ਤੋਂ 200 ਕਿਲੋਮੀਟਰ ਦੂਰ ਹੈ।

ਕੁਝ ਕੇਸਾਂ ਵਿਚ ਮਿਰਤਕ ਦੀ ਪਛਾਣ ਦਾ ਪੁਲਿਸ ਨੂੰ ਵੀ ਨਹੀਂ ਪਤਾ ਸੀ। ਪਿੰਡ ਦੇਰੀਵਾਲ ਦੇ ਬਘੇਲ ਸਿੰਘ ਉਰਫ ਗੁਰਦਰਸ਼ਨ ਸਿੰਘ ਨੂੰ ਪੁਲਿਸ ਨੇ ਨਵੰਬਰ, 1991 ਦੇ ਆਖਰੀ ਹਫਤੇ ਦੇ ਲਗਭਗ ਬਿਹਾਰ ਵਿਚੋਂ ਪਕੜਿਆ ਸੀ। ਇਸ "ਗਿਰਫਤਾਰੀ" ਦੀ ਖ਼ਬਰ ਪੰਜਾਬ ਪ੍ਰੈਸ ਵਿਚ ਦਿੱਤੀ ਗਈ ਪਰੰਤੂ ਇਹ ਆਮ ਯਕੀਨ ਕੀਤਾ ਗਿਆ ਸੀ ਕਿ ਉਸ ਨੂੰ ਪੁਲਿਸ ਮੁਕਾਬਲੇ ਵਿਚ ਮਾਰ ਦਿੱਤਾ ਗਿਆ ਹੈ। ਜਨਵਰੀ 19, 1992 ਨੂੰ ਪੁਲਿਸ ਨੇ - ਉਸ ਦੀ ਪਹਿਚਾਣ ਨੂੰ ਚੰਗੀ ਤਰ੍ਹਾਂ ਜਾਣਦਿਆਂ ਹੋਇਆਂ - ਉਸ ਦੀ ਲਾਸ਼ ਨੂੰ ਅਣਪਛਾਤੀ ਅਤੇ ਲਾਵਾਰਿਸ ਵਜੋਂ ਕਰਾਰ ਦੇ ਕੇ ਸਸਕਾਰ ਕਰਨ ਲਈ ਦੁਰਗਿਆਨਾ ਗਰਾਉਂਡਾਂ ਵਿਚ ਲਿਆਂਦਾ।

ਪਿਆਰਾ ਸਿੰਘ ਸਪੁੱਤਰ ਸ਼ਿੰਗਾਰਾ ਸਿੰਘ ਜੋ ਕੇਂਦਰੀ ਸਹਿਕਾਰੀ ਬੈਂਕ, ਅੰਮ੍ਰਿਤਸਰ ਦਾ ਡਾਇਰੈਕਟਰ ਅਤੇ ਹਰਮਿੰਦਰ ਸਿੰਘ ਸੁਲਤਾਨਵਿੰਡ ਦਾ ਚਾਚਾ ਸੀ, ਉਹ ਆਪਣੇ ਰਿਸ਼ਤੇਦਾਰਾਂ, ਜਿਹੜੇ ਯੂ.ਪੀ. ਦੇ ਪੀਲੀਭੀਤ ਜ਼ਿਲ੍ਹੇ ਵਿਚ ਖੇਤੀ ਕਰਦੇ ਸਨ, ਕੋਲ ਜਾ ਰਿਹਾ ਸੀ - ਇਹ ਜ਼ਿਲ੍ਹਾ ਦੂਜੀ ਸਟੇਟ ਵਿਚ

ਸੀ ਅਤੇ ਪੰਜਾਬ ਦੇ ਐਨ ਦੱਖਣ ਵਾਲੇ ਪਾਸੇ ਤੋਂ 500 ਕਿਲੋਮੀਟਰ ਦੀ ਦੂਰੀ ਤੇ ਸੀ। ਇਕ ਦਿਨ ਸਵੇਰ ਨੂੰ ਇਕ ਜੀਪ ਫਾਰਮਹਾਊਸ ਤੇ ਆਈ ਅਤੇ ਚਿੱਟੇ ਕੋਟ ਪਾਈ ਡਾਕਟਰਾਂ ਦੀ ਇਕ ਟੀਮ ਆਈ ਜਿਨ੍ਹਾਂ ਦੇ ਗਲਾਂ ਵਿਚ ਸਟੈਥੋਸਕੋਪ ਪਾਈਆਂ ਹੋਈਆਂ ਸਨ ਅਤੇ ਉਨ੍ਹਾਂ ਨੇ ਫਾਰਮ ਤੇ ਰਹਿਣ ਵਾਲਿਆਂ ਨੂੰ ਕਿਹਾ ਕਿ ਲਾਗਲੇ ਪਿੰਡ ਵਿਚ ਇਕ ਸਰਕਾਰੀ ਮੈਡੀਕਲ ਕਲਿਨਿਕ ਦਾ ਉਦਘਾਟਨ ਕਰਨ ਲਈ ਇਕ ਅਤਿ ਮਹੱਤਵਪੂਰਣ ਵਿਅਕਤੀ ਆ ਰਿਹਾ ਹੈ ਅਤੇ ਉਨ੍ਹਾਂ ਨੂੰ ਇਸ ਮੌਕੇ ਦੀ ਸ਼ਾਨ ਵਧਾਉਣ ਲਈ ਆਦਰਮਾਣ ਵਾਲੇ ਸਥਾਨਕ ਵਿਅਕਤੀਆਂ ਦੀ ਲੋੜ ਹੈ। ਉਨ੍ਹਾਂ ਨੇ ਪਿਆਰਾ ਸਿੰਘ ਨੂੰ ਉਨ੍ਹਾਂ ਨਾਲ ਆਉਣ ਲਈ ਬੇਨਤੀ ਕੀਤੀ। ਪਿਆਰਾ ਸਿੰਘ ਦਾ ਅੰਤ 16 ਦਸੰਬਰ, 1992 ਨੂੰ ਦੁਰਗਿਆਨਾ ਸ਼ਮਸ਼ਾਨਘਾਟ ਵਿਖੇ ਹੋਇਆ।

ਪਰਗਟ ਸਿੰਘ "ਬੁਲਟ" ਗੁਰੂ ਨਾਨਕ ਹਸਪਤਾਲ, ਅੰਮ੍ਰਿਤਸਰ ਵਿਖੇ ਇਲਾਜ ਕਰਵਾ ਰਿਹਾ ਸੀ। ਉਸ ਨੂੰ ਰਾਜਾ ਸਾਂਸੀ ਪੁਲਿਸ ਨੇ ਅਗਵਾ ਕਰ ਲਿਆ ਅਤੇ ਉਸ ਦੀ ਅਣਪਛਾਤੀ ਲਾਸ਼ 5 ਨਵੰਬਰ, 1992 ਨੂੰ ਦੁਰਗਿਆਨਾ ਸ਼ਮਸ਼ਾਨਘਾਟ ਵਿਖੇ ਲਿਆਂਦੀ ਗਈ।

ਅਖਬਾਰਾਂ ਨੇ "ਅਣਪਛਾਤੀਆਂ / ਲਾਵਾਰਿਸ" ਲਾਸ਼ਾਂ ਦੀ ਕਹਾਣੀ ਦੇਣੀ ਸ਼ੁਰੂ ਕੀਤੀ । **ਦਿ ਪਾਇਨਿਅਰ** (ਫਰਵਰੀ 4, 1995) ਵਿਚ ਅਤੇ **ਏਸ਼ੀਆ ਏਜ** (ਜਨਵਰੀ 17 ਅਤੇ ਫਰਵਰੀ 18, 1995) ਅਤੇ **ਇੰਡੀਅਨ** ਐਕਸਪ੍ਰੈਸ **(ਫਰਵਰੀ 3)** ਵਿਚ ਆਈਆਂ ਰਿਪੋਰਟਾਂ ਵਿਚ ਕਿਹਾ ਗਿਆ ਕਿ:

"ਮੁਕਾਬਲਿਆਂ ਜਾਂ ਪੁਲਿਸ ਹਿਰਾਸਤ ਵਿਚ ਮਾਰੇ ਹਜ਼ਾਰਾਂ ਨੌਜਵਾਨਾਂ ਦਾ ਪੁਲਿਸ ਦੁਆਰਾ ਵੱਡੇ ਪੱਧਰ ਤੇ ਸਸਕਾਰ ਕੀਤਾ ਗਿਆ ਹੈ - ਸਾਦਸਾ ਦੇ ਮੁਨੱਖੀ ਅਧਿਕਾਰ ਵਿੰਗ ਦੁਆਰਾ ਛਾਪੀਆਂ ਗਈਆਂ ਤਾਜ਼ਾ ਰਿਪੋਰਟਾਂ ਅਨੁਸਾਰ ਇਕੱਲੇ ਅੰਮ੍ਰਿਤਸਰ, ਤਰਨ ਤਾਰਨ ਅਤੇ ਮਜੀਠਾ ਵਿਚ ਅਜਿਹੇ 2000 ਪਰਿਵਾਰ ਹਨ - ਦੁਰਗਿਆਨਾ ਸ਼ਮਸ਼ਾਨਘਾਟ ਜਿਹੜਾ ਅੰਮ੍ਰਿਤਸਰ ਮਿਊਂਸਪਲ ਕਾਰਪੋਰੇਸ਼ਨ ਦੇ ਕੰਟ੍ਰੋਲ ਅਧੀਨ ਹੈ, ਵਿਖੇ ਸਸਕਾਰ ਕੀਤੇ ਗਿਆਂ ਦੀ ਸੂਚੀ ਤੋਂ ਪਤਾ ਲਗਦਾ ਹੈ ਕਿ ਬੇਅੰਤ ਸਿੰਘ ਸਰਕਾਰ ਦੇ ਸ਼ੁਰੂ ਦੇ ਸਾਲ ਵਿਚ ਅਣਪਛਾਤੀਆਂ ਜਾਂ ਲਾਵਾਰਿਸ ਲਾਸ਼ਾਂ ਵਜੋਂ 300 ਲਾਸ਼ਾਂ ਦਾ ਸਸਕਾਰ ਕੀਤਾ ਗਿਆ ਸੀ। ਇਸ ਤੱਥ ਤੋਂ ਇਲਾਵਾ ਕਿ ਇਨ੍ਹਾਂ ਵਿਚੋਂ ਬਹੁਤੀਆਂ ਲਾਸ਼ਾਂ ਪੁਲਿਸ ਦੀ ਸੀਮਾ ਸਰੱਖਿਆ ਰੇਂਜ ਦੁਆਰਾ ਲਿਆਂਦੀਆਂ ਗਈਆਂ ਸਨ, 300 ਲਾਸ਼ਾਂ ਵਿਚੋਂ ਕੇਵਲ ਪੰਜ ਲਾਸ਼ਾਂ ਹੀ ਔਰਤਾਂ ਦੀਆਂ ਸਨ। ਸਸਕਾਰ ਕੀਤੇ ਗਏ ਜ਼ਿਆਦਾਤਰ ਮੁੰਡੇ 20 ਸਾਲ ਦੇ ਸਨ। ਤਰਨ ਤਾਰਨ ਅਤੇ ਪੱਟੀ ਵਿਖੇ ਹੋਰ ਸ਼ਮਸ਼ਾਨਘਾਟਾਂ ਦੀਆਂ ਅਗੋਂ ਪੜਤਾਲਾਂ ਤੋਂ ਪਤਾ ਲੱਗਾ ਕਿ ਇਹੋ ਜਿਹੀਆਂ 1100 ਹੋਰ ਲਾਸ਼ਾਂ ਦੇ ਸਸਕਾਰ ਕੀਤੇ ਗਏ ਸਨ" (**ਏਸ਼ੀਅਨ ਏਜ**, 17.1.95)।

ਬਾਅਦ ਵਿਚ ਡੀ ਜੀ ਪੀ ਗਿੱਲ ਨੇ ਪੰਜਾਬ ਪੁਲਿਸ (ਸਰਹੱਦੀ ਰੇਂਜ) ਦੇ ਇੰਸਪੈਕਟਰ ਜਨਰਲ ਡੀ.ਆਰ. ਭੱਟੀ ਨੂੰ ਰਿਪੋਰਟਾਂ ਦੀ ਜਾਂਚ ਕਰਨ ਲਈ

ਕਿਹਾ ਪਰੰਤੂ ਦੱਸਿਆ ਕਿ ਅੰਮ੍ਰਿਤਸਰ ਅਕਾਲੀ ਦਲ ਦੇ ਮਨੁੱਖੀ ਅਧਿਕਾਰ ਵਿੰਗ ਦੁਆਰਾ ਤਿਆਰ ਕੀਤੀਆਂ ਗਈਆਂ ਸੂਚੀਆਂ ਵਿਚ ਦਰਜ ਬਹੁਤ ਸਾਰੀਆਂ ਲਾਸ਼ਾਂ "ਇੱਟਾਂ ਦੇ ਭੱਠਿਆਂ ਅਤੇ ਖੇਤਾਂ ਵਿਚ ਕੰਮ ਕਰਦੇ ਬਿਹਾਰੀ ਮਜ਼ਦੂਰਾਂ ਵਰਗੇ ਅੱਤਵਾਦ ਦੇ ਰਾਜ ਤੋਂ ਬਾਹਰਲੇ ਦਰਜਨਾਂ ਸ਼ਿਕਾਰ ਹੋਏ ਵਿਅਕਤੀਆਂ ਦੀਆਂ ਹੋ ਸਕਦੀਆਂ ਹਨ".... ਉਸ ਨੇ ਦਾਅਵਾ ਕੀਤਾ ਕਿ ਸੁਰੱਖਿਆ ਬਲਾਂ ਨਾਲ ਮੁੱਠ-ਭੇੜਾਂ ਵਿਚ ਮਾਰੇ ਗਿਆਂ ਵਿਚੋਂ 95 ਪ੍ਰਤਿਸ਼ਤ ਵਿਅਕਤੀ ਸ਼ਨਾਖਤ ਵਾਲੇ ਸਨ।"

**ਸੰਡੇ** ਮੈਗਜ਼ੀਨ ਦੇ 4-10 ਮਈ, 1997 ਦੇ ਅੰਕ ਵਿਚ ਐਨ.ਵੀ. ਸੁਬਰਾਮਨੀਅਮ ਨੇ ਸਾਬਕਾ ਡੀ ਜੀ ਪੀ ਕੇ.ਪੀ.ਐਸ. ਗਿੱਲ ਦਾ ਇਹ ਕਹਿੰਦਿਆਂ ਹਵਾਲਾ ਦਿੱਤਾ ਕਿ : "ਅਸੀਂ ਅਧਿਐਨ ਕੀਤਾ ਹੈ। ਉਨ੍ਹਾਂ ਵਿਚੋਂ ਬਹੁਤੇ ਪਾਕਿਸਤਾਨ ਵਿਚ ਘੁਸ ਰਹੇ ਬੰਗਲਾਦੇਸ਼ੀ ਸਨ ਜਿਨ੍ਹਾਂ ਨੂੰ ਜਾਂ ਤਾਂ ਉਨ੍ਹਾਂ ਦੇ ਸੁਰੱਖਿਆ ਬਲਾਂ ਨੇ ਜਾਂ ਸਾਡੇ ਬਲਾਂ ਨੇ ਮਾਰ ਦਿੱਤਾ ਸੀ। ਜੇਕਰ ਤੁਹਾਡੇ ਕੋਲ ਅਜੇ ਵੀ ਅਣਪਛਾਤੀਆਂ ਲਾਸ਼ਾਂ ਹਨ ਤਾਂ ਉਹ ਉਨ੍ਹਾਂ ਅੱਤਵਾਦੀਆਂ ਦੀਆਂ ਹੋਣਗੀਆਂ ਜਿਨ੍ਹਾਂ ਨੂੰ ਅਸੀਂ ਉਨ੍ਹਾਂ ਦੇ ਵਾਰਸਾਂ ਨੂੰ ਤਾਂ ਨਹੀਂ ਦਿੱਤੀਆਂ ਕਿਉਂਕਿ ਉਸ ਸਮੇਂ ਅਸੀਂ ਭੋਗ ਸਮਾਰੋਹਾਂ ਤੇ ਪਾਬੰਦੀ ਲਗਾਈ ਹੋਈ ਸੀ।" (ਇਹ ਪਹਿਲੀ ਵਾਰ ਸੀ ਕਿ ਗਿੱਲ ਨੇ ਪੰਜਾਬ ਵਿਚ ਸਸਕਾਰ ਕੀਤੇ ਅਣਪਛਾਤੇ ਵਿਅਕਤੀਆਂ ਬਾਰੇ ਪਤਾ ਹੋਣ ਅਤੇ ਉਨ੍ਹਾਂ ਦੀਆਂ ਲਾਸ਼ਾਂ ਉਸਦੇ ਹੁਕਮ ਤੇ ਉਨ੍ਹਾਂ ਦੇ ਪਰਿਵਾਰਾਂ ਦੇ ਹਵਾਲੇ ਨਾ ਕਰਨ ਬਾਰੇ ਮੰਨਿਆਂ ਹੈ।) ਫਿਰ ਇਸ ਦੀ ਸੰਭਾਵਨਾ ਨਹੀਂ ਸੀ ਕਿ ਸੀ ਬੀ ਆਈ 1,100 ਕਿਲੋਮੀਟਰ ਦੂਰੋਂ ਬੰਗਲਾਦੇਸ਼ੀਆਂ ਦੀਆਂ ਲਾਸ਼ਾਂ ਦੀ ਪਹਿਚਾਣ ਕਰਨ ਦੇ ਯੋਗ ਹੁੰਦੀ। ਜ਼ਾਹਰ ਹੈ ਕਿ ਇਹ ਲਾਸ਼ਾਂ ਸਥਾਨਕ ਵਿਅਕਤੀਆਂ ਦੀਆਂ ਸਨ।

1988 ਤੋਂ 1993 ਤਕ ਤਰਨ ਤਾਰਨ ਦਾ ਐਸ ਐਸ ਪੀ ਅਜੀਤ ਸਿੰਘ ਸੰਧੂ ਸਸਕਾਰ ਦੇ ਕੇਸਾਂ ਵਿਚ ਮੁੱਖ ਦੋਸ਼ੀ ਸੀ - ਅਤੇ ਉਸ ਵਿਰੁੱਧ ਗੈਰ-ਨਿਆਂਇਕ ਅਤੇ ਹਿਰਾਸਤੀ ਹੱਤਿਆਵਾਂ, ਅਗਵਾਕਰਨ, ਤਸ਼ੱਦਦ ਕਰਨ ਅਤੇ ਪੈਸੇ ਬਟੋਰਨ ਦੇ 42 ਹੋਰ ਕੇਸ ਸਨ ਅਤੇ ਪੰਜਾਬ ਪੁਲਿਸ ਦੇ ਅੰਦਰੂਨੀ ਚੌਕਸੀ ਸੈੱਲ ਦੁਆਰਾ ਜਾਂਚ ਅਧੀਨ ਸਨ। ਬਦਕਿਸਮਤੀ ਨਾਲ, ਉਹ ਇਕ ਵੀ ਕੇਸ ਦੇ ਮੁਕੱਦਮੇ ਦਾ ਸਾਹਮਣਾ ਕਰਨ ਲਈ ਜਿਊਂਦਾ ਨਹੀਂ ਰਿਹਾ। ਸੰਧੂ 23 ਮਈ, 1997 ਨੂੰ ਲਾਲੜੂ ਨੇੜੇ ਚੰਡੀਗੜ੍ਹ-ਅੰਬਾਲਾ ਰੇਲ ਲਾਈਨ ਤੇ ਮਰਿਆ ਪਾਇਆ ਗਿਆ ਸੀ ਅਤੇ ਉਸ ਦੀ ਜੇਬ ਵਿਚੋਂ ਪੁਲਿਸ ਅਨੁਸਾਰ, ਘਟਨਾ ਤੋਂ ਕੁਝ ਦਿਨ ਪਹਿਲਾਂ ਲਿਖਿਆ ਇਕ ਆਤਮ ਹੱਤਿਆ ਨੋਟ ਨਿਕਲਿਆ ਸੀ।

ਸੰਧੂ ਦੀ ਕਹਾਣੀ ਸੰਭਵ ਤੌਰ ਤੇ ਹਰ ਇਕ ਚੀਜ਼ ਤੇ ਪਰਦਾ ਪਾਉਂਦੀ ਹੈ ਜੋ ਪੰਜਾਬ ਦੇ ਖ਼ੂਨ-ਖਰਾਬੇ ਦੇ ਦਹਾਕੇ ਵਿਚ ਆਪਣੇ ਆਪ ਵਿਚ ਘਿਨਾਉਣੀ ਹੈ ਅਤੇ ਇਸ ਦਾ ਵਰਣਨ ਕਰਨਾ ਲਾਜ਼ਮੀ ਹੈ।

ਉਹ ਭਾਰਤੀ ਪੁਲਿਸ ਸੇਵਾ ਦਾ ਅਫ਼ਸਰ ਨਹੀਂ ਸੀ ਲੇਕਿਨ ਹੇਠਲੀਆਂ

ਸੇਵਾਵਾਂ ਵਿਚ ਭਰਤੀ ਹੋਇਆ ਸੀ। ਦਰਅਸਲ, ਆਪਣੀ ਮੌਤ ਸਮੇਂ ਉਹ ਪੰਜਾਬ ਪੁਲਿਸ ਆਫ਼ੀਸਰਜ਼ ਦੀ ਨਾਨ-ਆਈ.ਪੀ.ਐਸ. ਐਸੋਸਿਏਸ਼ਨ ਦਾ ਪ੍ਰਧਾਨ ਸੀ। ਆਈ.ਪੀ.ਐਸ.- ਨਾਨ-ਆਈ.ਪੀ.ਐਸ. ਤਣਾਅ ਜ਼ਾਹਰਾ ਤੌਰ ਤੇ ਉਸਦੇ ਸੇਵਾ-ਕਾਲ ਦੌਰਾਨ ਰੜਕਦਾ ਰਿਹਾ ਸੀ, ਕਿਉਂਕਿ **ਸੰਡੇ** (4.10.1997) ਵਿਚ ਆਈ ਇਕ ਮੁਲਾਕਾਤ ਵਿਚ ਉਸਨੇ ਕਿਹਾ ਸੀ : ਕਿ "ਮੈਂ ਹੀ ਸਿਰਫ ਤਰਨ ਤਾਰਨ ਦਾ ਐਸ ਐਸ ਪੀ ਨਹੀਂ ਸੀ, ਮੇਰੇ ਤੋਂ ਪਹਿਲਾਂ ਆਈ ਪੀ ਐਸ ਅਫ਼ਸਰ ਵੀ ਰਹੇ ਸਨ। ਇਕ ਗੈਰ-ਆਈ ਪੀ ਐਸ ਅਫ਼ਸਰ ਨੂੰ ਕਿਉਂ ਚੁਣਿਆਂ? ਕੀ ਇਹ ਇਸ ਕਰਕੇ ਸੀ ਕਿ ਸਾਡੇ ਕੋਲ ਗ੍ਰਿਹ ਮੰਤ੍ਰਾਲੇ ਜਾਂ ਸੀ ਬੀ ਆਈ ਜਾਂ ਜਾਂਚ ਬਿਊਰੋ ਵਿਚ ਬੈਚ-ਸਾਥੀ ਨਹੀਂ ਹਨ?"

ਉਸਨੇ ਦਾਅਵਾ ਕੀਤਾ ਕਿ ਉਹ ਸੱਚ-ਮੁੱਚ ਲਾਸ਼ਾਂ ਦੇ ਢੇਰ ਲਗਾਉਣ ਨਾਲ ਹੀ ਇਕ ਸਹਾਇਕ ਸਬ-ਇੰਸਪੈਕਟਰ ਤੋਂ ਸੀਨੀਅਰ ਸੁਪਰਡੰਟ ਪੁਲਿਸ ਬਣਿਆਂ ਹੈ, ਹਰੇਕ ਮੌਤ ਉਸ ਨੂੰ ਡੀ ਜੀ ਪੀ ਕੇ.ਪੀ.ਐਸ. ਗਿੱਲ ਦੇ ਬਹੁਤ ਨੇੜੇ ਲੈ ਜਾਂਦੀ ਸੀ ਜਿਸ ਕਰਕੇ ਉਸ ਨੇ ਬਿਨ ਵਾਰੀ ਤਰੱਕੀਆਂ ਬਖਸ਼ੀਆਂ।

ਪਹਿਲੀ ਵੱਡੀ ਹੱਤਿਆ 1988 ਵਿਚ ਹੋਈ - ਉਹ ਸੀ ਕੇ ਸੀ ਐਫ ਦੇ ਜਨਰਲ ਲਾਭ ਸਿੰਘ ਦੀ। ਇਸ ਨੇ ਉਸ ਨੂੰ ਐਸ ਪੀ ਦਾ ਰੈਂਕ ਲਵਾਇਆ। ਉਸ ਨੇ ਗੁਰਬਚਨ ਸਿੰਘ ਮਾਣੋਚਾਹਲ ਦੇ ਲਗਭਗ ਸਾਰੇ ਡਿਪਟੀ, ਉਸਦੇ ਬਜ਼ੁਰਗ ਮਾਤਾ-ਪਿਤਾ ਸਮੇਤ ਸਾਰੇ ਪਰਿਵਾਰ ਅਤੇ ਖ਼ੁਦ ਮਾਣੋਚਾਹਲ ਨੂੰ ਖ਼ਤਮ ਕੀਤਾ। ਉਸਨੇ ਪਰਮਜੀਤ ਪੰਜਵੜ, ਕੇ ਸੀ ਐਫ ਦੇ ਮੁੱਖੀ ਦੇ ਪਰਿਵਾਰ ਦਾ ਵੀ ਸਫ਼ਾਇਆ ਕਰ ਦਿੱਤਾ (ਚਾਹੇ ਪੰਜਵੜ ਬਚ ਕੇ ਨਿਕਲ ਗਿਆ ਅਤੇ ਉਹ ਅਜੇ ਵੀ ਪਾਕਿਸਤਾਨ ਵਿਚ ਜਿਊਂਦਾ ਹੈ)। ਬਾਬਾ ਚਰਨ ਸਿੰਘ, ਇਕ ਧਾਰਮਿਕ ਨੇਤਾ ਜਿਹੜਾ ਕਾਰ-ਸੇਵਾ ਕਰਾਉਂਦਾ ਸੀ, ਨੂੰ ਵੀ ਉਸਨੇ ਖ਼ਤਮ ਕੀਤਾ। ਪਰੰਤੂ ਬਾਬੇ ਦੇ ਡਰਾਈਵਰ ਤੇ ਕੋਈ ਗੋਲੀ ਨਹੀਂ ਚਲਾਈ - ਸੰਧੂ ਨੇ ਉਸ ਦੀਆਂ ਲੱਤਾਂ ਦੋ ਜੀਪਾਂ ਨਾਲ ਬੰਨ੍ਹ ਕੇ ਉਸ ਨੂੰ ਸੜਕ ਦੇ ਇਧਰ-ਉਧਰ ਘੁਮਾਇਆ ਅਤੇ ਸਰੀਰ ਦੇ ਟੋਟੇ ਕਰ ਦਿੱਤੇ। ਤਰਨ ਤਾਰਨ ਦੇ ਇਕ ਲੜਕੀਆਂ ਦੇ ਸਕੂਲ ਦੀ ਮਹਿਲਾ ਪ੍ਰਿੰਸੀਪਲ ਵੀ ਉਸ ਦੀ ਪਿਸਤੌਲ ਦੀ ਲਪੇਟ ਵਿਚ ਆਈ। ਘੱਟੋ ਘੱਟ ਇਕ ਕੇਸ ਵਿਚ ਉਸ ਨੇ ਇਕ ਵਿਅਕਤੀ ਨੂੰ ਦੋ ਵਾਰ ਮਾਰਿਆ। ਇਹ ਸੁਰਜੀਤ ਸਿੰਘ ਵਲਟੋਹਾ ਸੀ ਜਿਸ ਨੂੰ ਗੋਲੀ ਮਾਰੀ ਸੀ ਅਤੇ ਪੋਸਟ-ਮਾਰਟਮ ਲਈ ਪੱਟੀ ਵਿਖੇ ਸਿਵਲ ਹਸਪਤਾਲ ਲਿਜਾਇਆ ਗਿਆ ਅਤੇ ਜਿਸ ਨੂੰ ਅਜੇ ਵੀ ਜਿਉਂਦਾ ਪਾਇਆ ਗਿਆ ਸੀ। ਸੁਰਜੀਤ ਨੂੰ ਹਸਪਤਾਲੋਂ ਖਿਸਕਾ ਲਿਆ ਗਿਆ ਅਤੇ ਕੰਮ ਖ਼ਤਮ ਹੋ ਗਿਆ। ਇਹ ਪਹਿਲਾ ਕੇਸ ਸੀ ਜਿਸਦਾ ਸੁਪਰੀਮ ਕੋਰਟ ਨੇ ਕੇਸ ਖੁਦ (*suo motu*) ਚੁੱਕਿਆ ਸੀ। ਉਸ ਨੇ ਭਾਰਤ ਦੇ ਇਕ ਮਹਾਨ ਦੇਸ਼-ਭਗਤ ਸ਼ਹੀਦ ਭਗਤ ਸਿੰਘ ਦੇ ਭਤੀਜੇ ਨੂੰ ਵੀ ਨਹੀਂ ਬਖਸ਼ਿਆ। ਇਹ ਸੀ ਕੁਲਜੀਤ ਸਿੰਘ ਢੱਟ ਜੋ ਅੰਬਾਲਾ ਜੱਟਾਂ ਪਿੰਡ, ਜ਼ਿਲ੍ਹਾ ਹੁਸ਼ਿਆਰਪੁਰ ਦਾ ਸਰਪੰਚ ਸੀ, ਨੂੰ ਚੁੱਕਿਆ ਅਤੇ ਖ਼ਤਮ ਕਰ ਦਿੱਤਾ। ਢੱਟ ਦੀ ਮੌਤ ਨੇ ਕੁਝ

ਚਿਰ ਲਈ, ਸੀ ਬੀ ਆਈ ਨੂੰ ਪੁਲਿਸ ਦੇ ਵਿਰੁੱਧ ਕੀਤਾ।

ਸੰਧੂ ਦੀ ਆਪਣੀ "ਪ੍ਰਸਿੱਧੀ" ਦੀ ਸਿਖਰ ਤੇ ਪਹੁੰਚਣ ਦੀ ਤਾਰੀਫ਼ ਨਾ ਕੇਵਲ ਉਸਦੇ ਆਲ੍ਹਾ ਅਫ਼ਸਰ ਹੀ ਕਰਦੇ ਸਨ ਬਲਕਿ ਕੁਝ ਸਿਆਸਤਦਾਨਾਂ ਨੇ ਵੀ ਕੀਤੀ। 2 ਜੂਨ, 1987 ਦੇ **ਇੰਡੀਅਨ ਐਕਸਪ੍ਰੈਸ** ਅਖਬਾਰ ਵਿਚ ਇਕ ਮੁਲਾਕਾਤ ਦੌਰਾਨ ਉਸ ਦੀ ਵਿਧਵਾ ਉਪਿੰਦਰ ਕੌਰ ਨੇ ਬੜੇ ਕੜਵੇ ਸ਼ਬਦ ਕਹੇ :"ਕੋਈ ਸਮਾਂ ਸੀ ਜਦੋਂ ਐਸ ਜੀ ਪੀ ਸੀ ਦੇ ਪ੍ਰਧਾਨ ਨੇ ਉਸ ਦੀਆਂ ਦਲੇਰਾਨਾ ਕਾਰਵਾਈਆਂ ਲਈ ਉਸ ਨੂੰ ਵਧਾਈ ਦਿੱਤੀ। ਐਸ ਜੀ ਪੀ ਸੀ ਦਾ ਪ੍ਰਧਾਨ ਉਨ੍ਹਾਂ ਅਕਾਲੀ ਨੇਤਾਵਾਂ ਵਿਚੋਂ ਸੀ ਜਿਨ੍ਹਾਂ ਨੇ ਉਸ ਨੂੰ ਕੁਝ ਖਾੜਕੂਆਂ ਨੂੰ ਮਾਰਨ ਲਈ ਵਧਾਈਆਂ ਦਿੱਤੀਆਂ। ਉਸ ਨੇ ਗੁਰਚਰਨ ਸਿੰਘ ਅਤੇ ਹੋਰ ਸਿਆਸਤਦਾਨਾਂ ਪਾਸ ਪਹੁੰਚ ਕੀਤੀ ਕਿ ਉਸ ਦੀ ਮਦਦ ਕੀਤੀ ਜਾਵੇ। ਟੌਹੜਾ ਨੇ ਕਿਹਾ ਕਿ ਉਹ ਰਾਜਨੀਤਕ ਮਜਬੂਰੀਆਂ ਕਾਰਨ ਉਸ ਦੇ ਹੱਕ ਵਿਚ ਖੁਲ੍ਹੇ ਆਮ ਨਹੀਂ ਬੋਲ ਸਕਦਾ।"

ਸੰਧੂ ਨੂੰ ਅਕਤੂਬਰ, 1993 ਵਿਚ ਰੋਪੜ ਦੇ ਐਸ ਐਸ ਪੀ ਵਜੋਂ ਬਦਲਿਆ ਗਿਆ ਪਰੰਤੂ ਕੁਝ ਮਹੀਨਿਆਂ ਅੰਦਰ ਹੀ ਗਿੱਲ ਨੇ ਉਸਨੂੰ ਗਵਾਹੀਆਂ "ਇਕੱਤਰ" ਕਰਨ ਦੇ ਮਾਮਲੇ ਨਿਪਟਾਉਣ (ਸੈਟਲ) ਦੇ ਯੋਗ ਬਣਾਉਣ ਲਈ ਫਿਰ ਤਰਨ ਤਾਰਨ ਵਾਪਸ ਭੇਜ ਦਿੱਤਾ। ਮਨੁੱਖੀ ਅਧਿਕਾਰ ਦਾ ਕਾਰਜਕਰਤਾ ਖਾਲੜਾ ਇਨ੍ਹਾਂ ਨਿਸ਼ਾਨਿਆਂ ਵਿਚੋਂ ਇਕ ਸੀ। ਪਰੰਤੂ ਤਦ ਤਕ ਸੰਧੂ ਦੀ ਵੁਕਤ ਘੱਟ ਗਈ ਸੀ। ਉਸ ਦੇ ਵਿਰੁੱਧ ਕਈ ਕੇਸ ਦਰਜ ਹੋ ਰਹੇ ਸਨ। ਹਰਚਰਨ ਸਿੰਘ ਬਰਾੜ ਜੋ ਮਾਰ ਦਿੱਤੇ ਗਏ ਪੰਜਾਬ ਮੁੱਖ ਮੰਤਰੀ ਬੇਅੰਤ ਸਿੰਘ ਦਾ ਉਤਰਾਧਿਕਾਰੀ ਸੀ, ਪੁਲਿਸ ਦੇ ਇਸ਼ਾਰਿਆਂ ਤੇ ਚੱਲਣ ਲਈ ਤਿਆਰ ਨਹੀਂ ਸੀ ਅਤੇ ਉਸਨੇ ਆਪਣੇ ਥੋੜ੍ਹੇ ਜਿਹੇ ਕਾਰਜ ਸਮੇਂ ਦੌਰਾਨ ਕੇ ਪੀ ਐਸ ਗਿੱਲ ਨੂੰ ਰਿਟਾਇਰ ਕਰ ਦਿੱਤਾ ਅਤੇ ਇਸੇ ਤਰ੍ਹਾਂ ਪੁਲਿਸ ਮੁੱਖੀ ਓ ਪੀ ਸ਼ਰਮਾ ਨੂੰ ਵੀ ਉਮੀਦ ਕੀਤੀ ਜਾਂਦੀ ਐਕਸਟੈਂਸ਼ਨ ਦੇ ਬਿਨਾਂ ਰਿਟਾਇਰ ਕਰ ਦਿੱਤਾ। (ਬਾਅਦ ਵਿਚ ਜਿਹੜੇ ਡੀ ਜੀ ਪੀ ਆਏ ਉਹ ਸਨ ਚੌਧਰੀ ਸੂਬੇ ਸਿੰਘ ਅਤੇ ਪੀ.ਸੀ. ਡੋਗਰਾ - ਉਹ ਪੰਜਾਬ ਕਾਡਰ ਦੇ ਅਫ਼ਸਰ ਸਨ ਅਤੇ ਸਥਾਨਕ ਲੋਕਾਂ ਦਾ ਬਹੁਤਾ ਵਿਰੋਧ ਨਾ ਕਰ ਸਕੇ।) ਗਿੱਲ ਅਤੇ ਸ਼ਰਮਾ ਦੇ ਜਾਣ ਨਾਲ ਸੰਧੂ ਦਾ ਕੋਈ ਖ਼ੈਰ-ਖਵਾਹ ਨਾ ਰਿਹਾ। ਉਸਦੇ ਵਿਰੁੱਧ ਕੇਸਾਂ ਦੀ ਗਿਣਤੀ ਅਤੇ ਸੰਗੀਨ ਦੋਸ਼ਾਂ ਨੂੰ ਵਿਚਾਰਦਿਆਂ ਉਸ ਦੀ ਮਦਦ ਕਰਨਾ ਮੁਸ਼ਕਲ ਸੀ। ਇਹ ਤਰਸਯੋਗ ਸ਼ਹੀਦ ਆਪਣੀ ਸ਼ੇਖੀ ਲਈ ਸਾਰੇ ਪੰਜਾਬ ਵਿਚ ਮਸ਼ਹੂਰ ਸੀ। "ਮੈਂ ਹੁਸੈਨੀਵਾਲਾ ਬਾਰਡਰ ਤੇ ਕਿਸੇ ਮੱਛੀ ਨੂੰ ਫੜਕਣ ਦੀ ਆਗਿਆ ਨਹੀਂ ਦਿਆਂਗਾ।" (ਤੁਸੀਂ ਚੰਗੀ ਤਰ੍ਹਾਂ ਅੰਦਾਜ਼ਾ ਲਗਾ ਸਕਦੇ ਹੋ ਕਿ ਉਸ ਨੇ ਉਨ੍ਹਾਂ ਨਾਲ ਕੀ ਕੀਤਾ। ਇਹ ਮਸ਼ਹੂਰ ਹੈ ਕਿ ਦਰਿਆਵਾਂ ਅਤੇ ਨਹਿਰਾਂ ਵਿਚ ਬਹੁਤ ਸਾਰੀਆਂ ਲਾਸ਼ਾਂ ਸੁੱਟੀਆਂ ਗਈਆਂ ਸਨ।)

ਕੋਈ ਹਥਿਆਰ ਜਿਹੜਾ ਕਿਸੇ ਖਾਸ ਸਮੇਂ ਅਤੇ ਉਦੇਸ਼ ਲਈ ਲਾਭ

ਦਾਇਕ ਹੁੰਦਾ ਹੈ, ਉਹ ਜਦੋਂ ਅਜਿਹੇ ਸਮੇਂ ਅਤੇ ਉਦੇਸ਼ ਬਦਲ ਜਾਣ, ਜਵਾਬਦੇਹ ਬਣ ਜਾਂਦਾ ਹੈ। ਇਸ ਨੂੰ ਤਿਆਗ ਦੇਣਾ ਇਕ ਉਪਾਅ ਹੈ। ਇਹ ਤਿਆਗ ਕਿਸ ਨੇ ਕੀਤਾ? ਕੇ.ਪੀ.ਐਸ. ਗਿੱਲ ਸਮੇਤ ਸੰਧੂ ਅਤੇ ਹੋਰ ਅਫ਼ਸਰ ਉਪਰ ਵਾਲੇ ਪਾਸੇ ਉਂਗਲ ਉਠਾ ਕੇ ਆਪਣੇ ਆਪ ਨੂੰ ਸੁਰੱਖਿਅਤ ਕਰਨਾ ਸ਼ੁਰੂ ਕਰ ਰਹੇ ਸਨ। ਉਪਰਲੇ ਕਿਵੇਂ? ਸਾਡਾ ਸ਼ੱਕ ਹੈ ਕਿ ਇਹ ਪੰਜਾਬ ਪੁਲਿਸ ਨਹੀਂ ਸੀ ਜਿਸਨੇ ਸੰਧੂ ਨੂੰ ਤਿਆਗ ਦਿੱਤਾ ਪਰੰਤੂ ਇਹ ਕੋਈ ਕੇਂਦਰੀ ਏਜੰਸੀ ਸੀ। ਕੇ.ਪੀ.ਐਸ. ਗਿੱਲ ਦੀ ਡਰੀ-ਸਹਿਮੀ ਆਵਾਜ਼ ਵਿਚ ਪੁਲਿਸ ਨੂੰ ਸੁਰੱਖਿਆ ਦੇਣ ਲਈ ਲਿਲਕੜੀਆਂ ਬਾਰੇ ਪਤਾ ਹੀ ਹੈ। ਜੇਕਰ ਸੰਪੂਰਣ (blanket) ਸੁਰੱਖਿਆ ਦੇ ਦਿੱਤੀ ਜਾਂਦੀ ਹੈ, ਤਾਂ ਉਹ ਨਿਆਂਇਕ ਸ਼ਿਕੰਜੇ ਤੋਂ ਬੱਚ ਜਾਵੇਗਾ, ਉਸ ਨੂੰ ਆਪਣੇ ਆਪ ਨੂੰ ਬਚਾਉਣ ਦੀ ਕੋਸ਼ਿਸ਼ ਵਿਚ ਆਪਣੇ ਸ੍ਰੇਸ਼ਟ ਰਾਜਨੀਤੀਵਾਨਾਂ ਵਿਰੁੱਧ ਗਵਾਹੀ ਦੇਣ ਲਈ ਕਦੀ ਨਹੀਂ ਬੁਲਾਇਆ ਜਾਵੇਗਾ। ਜੇਕਰ ਇਹ ਸੁਰੱਖਿਆ ਨਾ ਦਿੱਤੀ ਗਈ, ਤਾਂ ਉਸ ਨੂੰ ਵੀ ਤਿਆਗ ਦਿੱਤੇ ਜਾਣ ਦਾ ਖ਼ਤਰਾ ਹੈ।

ਅਣਪਛਾਤੀਆਂ ਲਾਸ਼ਾਂ ਸਬੰਧੀ 1991 ਦੇ ਸ਼ੁਰੂ ਵਿਚ ਪੰਜਾਬ ਵਿਧਾਨ ਸਭਾ ਵਿਚ ਇਕ ਨਿਸ਼ਾਨ ਵਾਲਾ ਪ੍ਰਸ਼ਨ ਉਠਾਇਆ ਗਿਆ ਸੀ। ਪ੍ਰਸ਼ਨ ਦੇ ਉੱਤਰ ਵਿਚ ਪੰਜਾਬ ਸਰਕਾਰ ਨੇ ਦੱਸਿਆ ਕਿ ਰਾਜ ਵਿਚ 20 ਪੁਲਿਸ ਜ਼ਿਲ੍ਹਿਆਂ ਵਿਚੋਂ 1991 ਵਿਚ ਇਕੱਲੇ ਬਠਿੰਡਾ ਪੁਲਿਸ ਜ਼ਿਲ੍ਹੇ ਵਿਚ ਮਾਰੇ ਗਏ 151 ਵਿਅਕਤੀਆਂ ਵਿਚੋਂ 91 ਅਣਪਛਾਤੇ ਖਾੜਕੂ ਸਨ। ਹੋਰ ਜ਼ਿਲ੍ਹਿਆਂ ਦੇ ਅੰਕੜੇ ਦੱਸੇ ਨਹੀਂ ਗਏ ਸਨ।

**ਪਾਇਨਿਅਰ** (4 ਫਰਵਰੀ, 1995) ਅਤੇ **ਏਸ਼ੀਅਨ ਏਜ** (ਫਰਵਰੀ 8, 1995) ਦੇ ਅੰਦਾਜ਼ੇ ਮੁਤਾਬਕ ਪੰਜਾਬ ਵਿਚ ਗੁੰਮ ਹੋਏ ਵਿਅਕਤੀਆਂ ਦੀ ਗਿਣਤੀ 30,000 ਤੋਂ ਲੈ ਕੇ 60,000 ਵਿਚਕਾਰ ਸੀ। ਇਹੋ ਅੰਦਾਜ਼ਾ ਮਨੁੱਖੀ ਅਧਿਕਾਰ ਗੁੱਟਾਂ ਦਾ ਵੀ ਹੈ। ਸਰਹੱਦ ਤੇ ਕੰਡਿਆਲੀ ਤਾਰ ਲਗਾਉਣ ਤੋਂ ਬਾਅਦ ਪੁਲਿਸ, ਪਹਿਲਾਂ ਵਾਂਗ, ਦੱਸਣ ਲਈ ਅਸਮਰੱਥ ਹੈ ਕਿ ਗੁੰਮ ਹੋਏ ਵਿਅਕਤੀ ਪਾਕਿਸਤਾਨ ਨੱਠ ਗਏ ਹਨ।

"ਪੰਜਾਬ ਤੇ ਪਹਿਲ" ਕਮੇਟੀ, ਦਿੱਲੀ ਦੇ ਇਕ ਗਰੁੱਪ ਨੇ ਅਗਾਂਹਵੱਧੂ ਪੰਜਾਬ ਦੇ ਜ਼ਿਲ੍ਹਿਆਂ ਵਿਚ ਸਸਕਾਰ ਕੀਤੀਆਂ ਗਈਆਂ ਅਣਪਛਾਤੀਆਂ ਲਾਸ਼ਾਂ ਦੇ ਮਾਮਲੇ ਤੇ ਸੁਪਰੀਮ ਕੋਰਟ ਨੂੰ ਪਹੁੰਚ ਕੀਤੀ। ਸੁਪਰੀਮ ਕੋਰਟ ਨੇ ਸੀ ਬੀ ਆਈ ਇਨਕੁਆਇਰੀ ਦਾ ਹੁਕਮ ਦਿੱਤਾ। ਸੀ ਬੀ ਆਈ ਨੂੰ ਤਿੰਨ ਸ਼ਹਿਰਾਂ ਦੇ ਸ਼ਮਸ਼ਾਨਘਾਟਾਂ (ਪੱਟੀ, ਤਰਨ ਤਾਰਨ, ਅੰਮ੍ਰਿਤਸਰ) ਵਿਖੇ ਅਜਿਹੀਆਂ 2,097 ਲਾਸ਼ਾਂ ਦੇ ਸਸਕਾਰ ਦਾ ਸਬੂਤ ਮਿਲਿਆ। ਇਸ ਨੇ ਅਦਾਲਤ ਨੂੰ ਰਿਪੋਰਟ ਕੀਤੀ ਕਿ ਇਸ ਨੇ 585 ਦੀ ਪੂਰੀ ਸ਼ਨਾਖਤ ਕਰ ਲਈ ਹੈ, 274 ਦੀ ਆਂਸ਼ਿਕ ਤੌਰ ਤੇ ਅਤੇ ਬਾਕੀ 1,238 ਲਾਸ਼ਾਂ ਦੇ ਕੇਸਾਂ ਦੀ ਜਾਂਚ ਕਰ ਰਹੀ ਹੈ।

ਫਰਵਰੀ 3, 1995 ਨੂੰ **ਇੰਡੀਅਨ ਐਕਸਪ੍ਰੈਸ** ਦੀ ਇਕ ਰਿਪੋਰਟ

ਵਿਚ ਕਿਹਾ ਗਿਆ ਕਿ "ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਵਿਚ ਮੁਕੰਮਲ ਸੁਧਾਰ ਹੋ ਜਾਣ ਤੋਂ ਬਾਅਦ ਵੀ, ਘਟਨਾਵਾਂ ਹੁੰਦੀਆਂ ਰਹੀਆਂ ਚਾਹੇ ਹੌਲੀ-ਹੌਲੀ ਰੁਕ ਗਈਆਂ ਸਨ।" 1994 ਦੌਰਾਨ, ਪੱਟੀ ਨਗਰਪਾਲਕਾ ਦਾ ਰਿਕਾਰਡ ਦੱਸਦਾ ਹੈ ਕਿ ਘੱਟ ਤੋਂ ਘੱਟ 17 "ਅਣਪਛਾਤੀਆਂ ਲਾਸ਼ਾਂ ਪੁਲਿਸ ਦੁਆਰਾ ਸ਼ਮਸ਼ਾਨਘਾਟ ਤੇ ਲਿਆਂਦੀਆਂ ਗਈਆਂ ਸਨ।" ਰਿਪੋਰਟ ਵਿਚ ਇਹ ਵੀ ਦੱਸਿਆ ਗਿਆ ਕਿ "ਹੈਰਾਨੀ ਦੀ ਗੱਲ ਹੈ ਕਿ ਜਦ ਕਿ ਪੁਲਿਸ ਨੇ ਲਿਖਤੀ ਇਹ ਪੇਸ਼ ਕਰ ਦਿੱਤਾ ਹੈ ਕਿ ਇਹ ਵਿਅਕਤੀ ਅਣ-ਪਛਾਤੇ ਅਤੇ ਲਾਵਾਰਿਸ ਹਨ, ਤਾਂ ਫਿਰ ਵੀ ਉਨ੍ਹਾਂ ਦੇ ਨਾਂ ਅਤੇ ਪਿੰਡ ਸੂਚੀ ਵਿਚ ਦਰਜ ਹਨ।" (ਸੰਭਵ ਤੌਰ ਤੇ ਇਹ ਸੂਚੀ ਸ਼ਮਸ਼ਾਨਘਾਟ ਦੇ ਰਜਿਸਟਰ ਦੇ ਹਵਾਲੇ ਨਾਲ ਹੈ)।

ਅਕਾਲੀ ਦਲ ਮਨੁੱਖੀ ਅਧਿਕਾਰ ਵਿੰਗ ਦੇ ਕਾਰਜਕਰਤਾ ਜਸਵੰਤ ਸਿੰਘ ਖਾਲੜਾ ਜਿਸਨੇ ਪਹਿਲਾਂ ਅੰਮ੍ਰਿਤਸਰ ਅਤੇ ਹੋਰਨਾਂ ਥਾਵਾਂ ਤੇ "ਅਣਪਛਾਤੀਆਂ/ ਲਾਵਾਰਿਸ" ਲਾਸ਼ਾਂ ਦੇ ਕੋਝੇ ਧੰਦੇ ਦਾ ਪਰਦਾਫਾਸ਼ ਕੀਤਾ ਸੀ, ਨੂੰ ਹਰ ਪੱਖੋਂ ਕੀਮਤ ਤਾਰਨੀ ਪਈ। ਸਤੰਬਰ 6, 1995 ਨੂੰ ਪੁਲਿਸ ਨੇ ਉਸ ਨੂੰ ਅੰਮ੍ਰਿਤਸਰ ਵਿਚੋਂ ਉਸ ਦੇ ਘਰੋਂ ਚੁੱਕ ਲਿਆ। ਉਸ ਸਮੇਂ ਤੋਂ ਲੈ ਕੇ ਉਸ ਨੂੰ ਫਿਰ ਕਦੀ ਨਹੀਂ ਦੇਖਿਆ ਗਿਆ। ਖਾਲੜਾ ਦੀ ਚੌਕਸੀ ਅਤੇ ਮਨੁੱਖੀ ਅਧਿਕਾਰਾਂ ਦੇ ਕਾਰਜ ਲਈ ਉਸ ਦੀ ਵਚਨਬੱਧਤਾ ਦੇ ਕਾਰਣ ਕਈ ਉੱਚੇ ਅਹੁਦੇ ਵਾਲੇ ਪੁਲਿਸ ਅਫ਼ਸਰਾਂ ਨੂੰ ਕਤਲ ਦੇ ਦੋਸ਼ੀ ਠਹਿਰਾਇਆ ਗਿਆ। ਇਨ੍ਹਾਂ ਕੇਸਾਂ ਵਿਚ ਨੌਂ ਸੀਨੀਅਰ ਸੁਪਰਡੰਟ ਪੁਲਿਸ, ਜ਼ਮਾਨਤ ਤੇ ਹਨ। ਸੁਪਰੀਮ ਕੋਰਟ ਨੇ ਪੇਸ਼ ਕਰਨ ਲਈ ਨੋਟਿਸ ਜਾਰੀ ਕੀਤਾ।

ਸੁਪਰੀਮ ਕੋਰਟ ਦੁਆਰਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਕੇਸਾਂ ਦੀ ਸੁਣਵਾਈ ਸ਼ੁਰੂ ਕਰਨ ਤੋਂ ਬਾਅਦ 1995 ਦੀਆਂ ਗਰਮੀਆਂ ਤਕ ਪੰਜਾਬ ਪੁਲਿਸ ਨੇ ਐਸ ਐਸ ਪੀਜ਼ ਨੂੰ ਉਨ੍ਹਾਂ ਜ਼ਿਲ੍ਹਿਆਂ ਵਿਚ ਵਾਪਸ ਲਗਾਉਣਾ ਸ਼ੁਰੂ ਕਰ ਦਿੱਤਾ ਜਿਥੇ ਜਿਥੇ ਉਨ੍ਹਾਂ ਵਿਰੁੱਧ ਕੇਸ ਪੈਂਡਿੰਗ ਸਨ। ਇਹ ਇਸ ਕਰਕੇ ਕੀਤਾ ਗਿਆ ਤਾਂ ਕਿ ਉਨ੍ਹਾਂ ਨੂੰ ਆਪਣੇ ਵਿਰੁੱਧ ਗਵਾਹੀ ਨਸ਼ਟ ਕਰਨ ਅਤੇ ਗਵਾਹਾਂ ਨੂੰ ਖ਼ਤਮ ਕਰਨ ਜਾਂ ਮੁਕਰਾਉਣ ਦਾ ਮੌਕਾ ਮਿਲ ਸਕੇ।

ਖਾਲੜਾ ਚਾਰ ਮੁੱਖ ਕੇਸਾਂ ਦੀ ਪੈਰਵੀ ਕਰ ਰਿਹਾ ਸੀ ਅਤੇ ਗਵਾਹੀਆਂ ਇਕੱਠੀਆਂ ਕਰਨ ਵਿਚ ਮਗਨ ਸੀ। ਇਹ ਕੇਸ ਸਨ : ਪੰਜਵੜ ਦੀ ਮਾਤਾ ਦੀ ਹਿਰਾਸਤੀ ਮੌਤ, ਬਹਿਲਾ ਹਿਊਮਨ ਸ਼ੀਲਡ (ਪਨਾਹ ਦੇਣਾ) ਕੇਸ, ਜਿਥੇ ਸੱਤ ਬੰਦੇ ਮਾਰੇ ਗਏ ਸਨ, 25,000 ਅਣਪਛਾਤੀਆਂ ਲਾਸ਼ਾਂ ਦੇ ਸਸਕਾਰ ਤੇ ਰਿਪੋਰਟ ਅਤੇ ਉਸ ਦਾ ਗੰਭੀਰ ਦੋਸ਼ ਕਿ ਪੁਲਿਸ ਨੇ ਖੁਦ 2,000 ਪੁਲਿਸ ਕਰਮਚਾਰੀ ਇਸ ਕਰਕੇ ਮਾਰੇ ਹਨ ਕਿਉਂਕਿ ਉਨ੍ਹਾਂ ਨੇ ਅੱਤਵਾਦੀ ਕਾਰਵਾਈਆਂ ਦਾ ਟਾਕਰਾ ਕਰਨ ਵਿਚ ਸਹਿਯੋਗ ਨਹੀਂ ਦਿੱਤਾ। (**ਫਰੰਟਲਾਈਨ** ਦੇ ਪੱਤਰਕਾਰ ਪਰਵੀਨ ਸਵਾਮੀ ਨੇ ਇਹ ਅੰਕੜਾ 1,160 ਦੱਸਿਆ)।

ਤਰਨ ਤਾਰਨ ਦੇ ਐਸ ਐਸ ਪੀ ਅਜੀਤ ਸਿੰਘ ਸੰਧੂ ਦੀ ਬਦਲੀ ਬਾਰੇ

ਪੰਜਾਬ ਸਰਕਾਰ ਨੇ ਸੁਪਰੀਮ ਕੋਰਟ ਦੀ ਹਦਾਇਤ ਦੇ ਬਾਵਜੂਦ ਵੀ ਉਸ ਨੂੰ ਜ਼ਿਲ੍ਹੇ ਤੋਂ ਬਾਹਰ ਨਹੀਂ ਬਦਲਿਆ। ਇਹ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਕਿ ਉਸ ਨੂੰ ਉਥੇ ਰੱਖੀ ਰੱਖਣ ਦਾ ਮੰਤਵ ਅਣਪਛਾਤੀਆਂ ਲਾਸ਼ਾਂ ਨੂੰ ਹੱਤਿਆਵਾਂ ਕਰਾਰ ਦੇਣ ਨਾਲ ਸਬੰਧਤ ਰਿਕਾਰਡ ਵਿਚ ਭੰਨ-ਤੋੜ ਕਰਨਾ ਸੀ। ਸੰਧੂ ਮੰਨਿਆਂ (**ਇੰਡੀਅਨ ਐਕਸਪ੍ਰੈਸ**, ਨਵੰਬਰ 9, 1995) ਕਿ "ਜ਼ਿਲ੍ਹੇ ਵਿਚ ਤਾਇਨਾਤ 80 ਪ੍ਰਤਿਸ਼ਤ ਨਾਨ-ਗਜ਼ਟਿਡ ਅਫ਼ਸਰਾਂ ਵਿਰੁੱਧ ਵੱਖ-ਵੱਖ ਪੜਤਾਲਾਂ ਚਲ ਰਹੀਆਂ ਹਨ। ਸੱਤਾਂ ਵਿਚੋਂ 4 ਡੀ ਐਸ ਪੀਜ਼ ਵੀ ਵੱਖ-ਵੱਖ ਦੋਸ਼ਾਂ ਵਿਚ ਅਦਾਲਤੀ ਕਾਰਵਾਈ ਦਾ ਸਾਹਮਣਾ ਕਰ ਰਹੇ ਹਨ।

*ਸਿੱਟਾ*

ਜਦ ਕਿ ਇਹ ਪਤਾ ਨਹੀਂ ਹੈ ਕਿ ਅੱਤਵਾਦ ਦੇ ਵਰ੍ਹਿਆਂ ਦੌਰਾਨ ਅਸਲ ਵਿਚ ਕਿੰਨੇ ਵਿਅਕਤੀ ਮਰੇ, ਬਹੁਤ ਸਾਰੇ ਦਸਤਾਵੇਜ਼ੀ ਸਬੂਤ ਮੌਜੂਦ ਹਨ ਕਿ ਲੋਕ ਕਿਵੇਂ ਮਰੇ। ਇਸ ਗਵਾਹੀ ਤੇ ਝਾਤ ਮਾਰਦਿਆਂ ਤੁਸੀਂ ਦੇਖੋਗੇ ਕਿ ਕੀ ਕੁਝ ਹੋਇਆ ਹੈ : ਸਭ ਤੋਂ ਪਹਿਲਾਂ ਹੱਤਿਆਵਾਂ ਨੂੰ "ਝੂਠੇ ਮੁਕਾਬਲਿਆਂ" ਵਜੋਂ ਵਰਣਿਤ ਕੀਤਾ ਗਿਆ, ਲੇਕਿਨ ਜਦੋਂ ਲੋਕ ਅਜਿਹੀਆਂ ਕਹਾਣੀਆਂ ਤੇ ਸ਼ੱਕ ਕਰਨ ਲੱਗ ਪਏ ਤਾਂ ਹੱਤਿਆਵਾਂ ਦੀ ਵਿਆਖਿਆ ਕਰਨ ਦਾ ਨਵਾਂ ਢੰਗ ਲਭਣਾ ਪੈਣਾ ਸੀ। ਇਨ੍ਹਾਂ ਵਿਚ "ਨੱਠ ਜਾਣਾ" ਸ਼ਾਮਲ ਸੀ, ਪਕੜਨ ਦੀ ਕੋਸ਼ਿਸ਼ ਕਰਦਿਆਂ ਬਚ ਨਿਕਲਿਆ, "ਆਪਸੀ ਗੋਲੀ-ਬਾਰੀ" ਵਿਚ ਮਾਰਿਆ ਗਿਆ, ਗਿਰਫਤਾਰੀ ਤੋਂ ਬਚਣ ਲਈ ਸਾਈਨਾਈਡ ਨਿਗਲ ਲਿਆ", ਅਤੇ ਇਹ ਮੰਨਣ ਲਈ ਸੁਭਾਵਕ ਹੀ ਮੁਕਰ ਜਾਣਾ ਕਿ ਪੁਲਿਸ ਵਿਵਾਦ ਵਾਲੇ ਵਿਅਕਤੀ ਦੇ ਕਦੀ ਨੇੜੇ ਵੀ ਢੁੱਕੀ, ਕਿ ਉਹ ਗੁੰਮ ਹੋ ਗਿਆ।

ਮੌਤਾਂ ਦੀ ਗਿਣਤੀ ਕਰਨ ਦਾ ਦੂਜਾ ਢੰਗ ਹੈ ਪੰਜਾਬ ਪੁਲਿਸ ਨੂੰ ਦਿੱਤੇ ਗਏ ਇਨਾਮਾਂ ਅਤੇ ਤਰੱਕੀਆਂ ਤੋਂ ਹਿਸਾਬ ਲਗਾਉਣਾ। ਰਾਜ ਦੀ ਅਸੈਂਬਲੀ ਵਿਚ ਸਟਾਰ ਵਾਲੇ ਇਕ ਪ੍ਰਸ਼ਨ ਦਾ ਉੱਤਰ ਦਿੰਦਿਆਂ, ਜਿਸ ਵਿਚ ਪੁਲਿਸ ਕਰਮਚਾਰੀਆਂ ਨੂੰ ਦਿੱਤੇ ਨਕਦ ਇਨਾਮਾਂ ਦੀ ਗਿਣਤੀ ਪੁੱਛੀ ਗਈ ਸੀ, ਮੁੱਖ ਮੰਤਰੀ ਬੇਅੰਤ ਸਿੰਘ ਨੇ ਕਿਹਾ ਕਿ ਜਨਵਰੀ, 1991 ਤੋਂ ਲੈ ਕੇ 1992 ਦੇ ਅੰਤ ਤਕ ਅੱਤਵਾਦ ਵਿਰੁੱਧ ਲੜਾਈ ਵਿਚ ਆਪਣੀ ਭੂਮਿਕਾ ਨਿਭਾਉਣ ਲਈ 41,684 ਪੰਜਾਬ ਪੁਲਿਸ ਦੇ ਕਰਮਚਾਰੀਆਂ ਨੂੰ ਨਕਦ ਇਨਾਮ ਅਤੇ 68 ਨੂੰ ਤਮਗੇ ਦਿੱਤੇ ਗਏ ਸਨ। ਨਕਦ ਇਨਾਮਾਂ ਦਾ ਵੇਰਵਾ ਇਸ ਪ੍ਰਕਾਰ ਹੈ: -

| | | |
|---|---|---|
| ਪੁਲਿਸ ਸੁਪਰਡੰਟ | : | 12 |
| ਡਿਪਟੀ ਸੁਪਰਡੰਟ, ਪੁਲਿਸ | : | 22 |
| ਇੰਸਪੈਕਟਰ | : | 576 |

| | | |
|---|---|---|
| ਸਬ ਇੰਸਪੈਕਟਰ | : | 1,365 |
| ਸਹਾਇਕ ਸਬ ਇੰਸਪੈਕਟਰ | : | 2,875 |
| ਹੈੱਡ ਕਾਂਸਟੇਬਲ | : | 8,589 |
| ਕਾਂਸਟੇਬਲ | : | 28,245 |
| ਕੁੱਲ | : | 41,684 |
| ਮੈਡਲ | : | 68 |

ਬਿਨ ਵਾਰੀ ਤਰੱਕੀਆਂ ਵੱਡੇ ਪੱਧਰ ਤੇ ਦਿੱਤੀਆਂ ਗਈਆਂ ਸਨ। ਮਾਹਰਾਂ ਮੁਤਾਬਕ ਹੱਤਿਆਵਾਂ ਪ੍ਰਤਿ ਇਨਾਮਾਂ ਦਾ ਅਨੁਪਾਤ ਇਕ ਬਦਲੇ ਇਕ ਅਤੇ ਤਿੰਨ ਬਦਲੇ ਇਕ ਵਿਚਕਾਰ ਚਲਦਾ ਸੀ। ਕਿਉਂਕਿ ਭੇਂਟ ਹੱਤਿਆਵਾਂ ਤੇ ਅੰਤਰ-ਰਾਸ਼ਟਰੀ ਅਤੇ ਰਾਸ਼ਟਰੀ ਪ੍ਰਤਿਕ੍ਰਮ ਨੇ ਕੁਝ ਸਮਾਂ ਲੈ ਲਿਆ ਏਨੇ ਵਿਚ ਪੰਜਾਬ ਪੁਲਿਸ ਨੂੰ 10,000 ਤੋਂ ਲੈ ਕੇ 15,000 ਤਕ ਹੋਰ ਇਨਾਮ ਦੇ ਦਿੱਤੇ ਗਏ ਸਨ ਜੋ ਇਸ ਸਮੇਂ ਦੌਰਾਨ 60,000 ਤੋਂ 70,000 ਤਕ ਵੱਧ ਗਏ ਸਨ।

ਇਨ੍ਹਾਂ ਇਨਾਮਾਂ ਵਿਚ ਹੋਮ ਗਾਰਡਾਂ, ਸਪੈਸ਼ਲ ਪੁਲਿਸ ਅਫ਼ਸਰਾਂ, ਪੁਲਿਸ ਵਿਜੀਲੈਂਟਾਂ ਅਤੇ ਟਾਊਟਾਂ, ਨੀਮ ਫੌਜੀ ਬਲਾਂ ਅਤੇ ਫੌਜ ਨੂੰ ਦਿੱਤੇ ਗਏ ਇਨਾਮ ਅਤੇ ਤਰੱਕੀਆਂ ਸ਼ਾਮਲ ਨਹੀਂ ਹਨ। ਸਿਰਫ ਫੌਜ ਨੇ ਅਨੁਸ਼ਾਸਨ ਦੇ ਆਧਾਰ ਤੇ ਨਕਦ ਇਨਾਮਾਂ ਤੋਂ ਨਾਂਹ ਕੀਤੀ ਸੀ।

ਇਨ੍ਹਾਂ ਸਾਰੇ ਬਲਾਂ ਨੂੰ ਦਿੱਤੇ ਗਏ ਇਨਾਮਾਂ ਦੀ ਕੁੱਲ ਗਿਣਤੀ 1,50,000 ਤੋਂ 2,00,000 ਵਿਚਕਾਰ ਹੋ ਸਕਦੀ ਹੈ - ਬਿਲਕੁਲ ਇਹ ਇਨਾਮ ਸਾਂਝੀਆਂ ਸਹਾਇਕ ਅਤੇ ਧੁਰਾ (ਐਕਸਿਜ਼) ਬਲਾਂ ਨੂੰ ਦੂਜੇ ਵਿਸ਼ਵ ਯੁੱਧ ਦੌਰਾਨ ਦਿੱਤੇ ਗਏ ਇਨਾਮਾਂ ਤੋਂ ਵੱਧ ਹਨ।

ਹਰਿਆਣਾ, ਹਿਮਾਚਲ, ਜੰਮੂ ਅਤੇ ਕਸ਼ਮੀਰ ਅਤੇ ਰਾਜਸਥਾਨ ਰਾਜਾਂ ਵਿਚ 1984 ਤੋਂ ਲੈ ਕੇ ਅੱਤਵਾਦ ਨਾਲ ਸਬੰਧਤ ਹੋਰ ਹੱਤਿਆਵਾਂ ਦੀ ਗਿਣਤੀ 10,000 ਤੋਂ ਵੱਧ ਹੋਵੇਗੀ ਅਤੇ ਜੇਕਰ ਅਸੀਂ ਦੂਰ ਦੁਰਾਡੇ ਦੇ ਰਾਜਾਂ ਜਿਵੇਂ ਕਿ ਯੂ.ਪੀ., ਜਿਸ ਵਿਚ ਸਿੱਖਾਂ ਦੀ ਗਿਣਤੀ ਕਾਫੀ ਹੈ, ਮੱਧ ਪ੍ਰਦੇਸ਼, ਗੁਜਰਾਤ ਅਤੇ ਬਿਹਾਰ ਜਿਨ੍ਹਾਂ ਵਿਚ ਹਿੰਦੂ ਬੈਲਟ ਦੀ ਭਰਮਾਰ ਹੈ, ਨੂੰ ਉਪਰੋਕਤ ਗਿਣਤੀ ਵਿਚ ਮਿਲਾ ਲਈਏ ਤਾਂ ਇਹ ਅੰਕੜਾ 15,000 ਤਕ ਪਹੁੰਚ ਜਾਵੇਗਾ।

### *ਓਪਰੇਸ਼ਨ ਬਲਿਊਸਟਾਰ*

ਓਪਰੇਸ਼ਨ ਬਲਿਊਸਟਾਰ ਦਾ ਵਿਸਥਾਰਪੂਰਵਕ ਲੇਖਾ ਪਿਛਲੇ ਅਧਿਆਇ ਵਿਚ ਪੇਸ਼ ਕੀਤਾ ਗਿਆ ਹੈ। ਇਥੇ ਤਾਂ ਅਸੀਂ ਕੇਵਲ ਦੁਹਰਾ ਹੀ ਰਹੇ ਹਾਂ ਕਿ ਓਪਰੇਸ਼ਨ ਬਲਿਊਸਟਾਰ ਵਿਚ ਮਾਰੇ ਗਏ ਅਤੇ ਜ਼ਖ਼ਮੀ ਹੋਏ

ਵਿਅਕਤੀਆਂ ਦੀ ਗਿਣਤੀ ਦੇ ਵੱਖ-ਵੱਖ ਅੰਕੜੇ ਦਿੱਤੇ ਗਏ ਹਨ। ਸਰਕਾਰ ਦੇ ਵਾਈਟ ਪੇਪਰ ਵਿਚ 492 ਵਿਅਕਤੀਆਂ ਦੀ ਮੌਤ ਦਰਸਾਈ ਗਈ ਹੈ (309 ਸਿਵਿਲਿਅਨ, 83 ਮਿਲਟਰੀ ਦੇ), ਫੌਜ ਦੁਆਰਾ ਇਕੋ ਸਮੇਂ ਤੇ ਕੀਤੇ ਗਏ ਹਮਲਿਆਂ ਵਿਚ 59 ਵਿਅਕਤੀ ਹੋਰਨਾਂ ਗੁਰਦੁਆਰਿਆਂ ਵਿਚ ਮਾਰੇ ਗਏ ਸਨ। ਰਾਜੀਵ ਗਾਂਧੀ ਨੇ ਨੈਸ਼ਨਲ ਸਟੂਡੈਂਟਸ ਯੂਨੀਅਨ ਦੇ ਸਮਾਗਮ ਵਿਚ ਦੱਸਿਆ ਕਿ ਓਪਰੇਸ਼ਨ ਬਲਿਊਸਟਾਰ ਵਿਚ 700 ਸਿਪਾਹੀ ਅਤੇ ਅਫ਼ਸਰ ਮਾਰੇ ਗਏ ਸਨ। ਨਿਰਪੱਖ ਅੰਦਾਜ਼ੇ ਮੁਤਾਬਕ ਓਪਰੇਸ਼ਨ ਬਲਿਊਸਟਾਰ ਵਿਚ ਮਾਰੇ ਗਿਆਂ ਦਾ ਕੁੱਲ ਅੰਕੜਾ ਸਾਰੇ ਪੰਜਾਬ ਵਿਚ 10,000 ਤੋਂ ਵੀ ਵੱਧ ਹੈ।

*ਓਪਰੇਸ਼ਨ ਵੁੱਡਰੋਜ਼ - 1984-85 :*

ਪਿਛਲੇ ਅਧਿਆਇ ਵਿਚ ਇਸ ਓਪਰੇਸ਼ਨ ਬਾਰੇ ਵਧੇਰੇ ਵਿਸਥਾਰ ਨਾਲ ਦਸਿਆ ਗਿਆ ਹੈ ਪਰੰਤੂ ਸਰਸਰੀ ਤੌਰ ਤੇ : 8,000 ਤੋਂ ਵੱਧ ਲੋਕ ਆਪਣੇ ਘਰਾਂ ਤੋਂ ਗੁੰਮ ਸਨ ਜਾਂ ਪੁਲਿਸ ਦੁਆਰਾ ਨਜ਼ਰਬੰਦ ਕੀਤੇ ਗਏ ਸਨ। (ਇਹ ਅਨੁਮਾਨ 15 ਅਕਤੂਬਰ, 1984 ਦੀ **ਇੰਡੀਅਨ ਐਕਸਪ੍ਰੈਸ** ਵਿਚ ਛਪਿਆ ਸੀ, ਪੰਜਾਬੀ ਭਾਸ਼ਾ ਪ੍ਰੈਸ ਨੇ ਇਸ ਤੋਂ ਕਿਤੇ ਵੱਧ ਅੰਕੜਿਆਂ ਦਾ ਅਨੁਮਾਨ ਲਗਾਇਆ ਹੈ।)

*1984 ਦੀ ਨਸਲਕੁਸ਼ੀ :*

ਵਿਸਥਾਰ ਲਈ ਕਿਰਪਾ ਕਰਕੇ ਪਿਛਲਾ ਅਧਿਆਇ ਪੜ੍ਹਿਆ ਜਾਵੇ। ਸੰਖੇਪ ਵਿਚ ਜਦ ਕਿ ਸਰਕਾਰ ਨੇ ਦਿੱਲੀ ਵਿਚ ਮੌਤਾਂ ਦੀ ਗਿਣਤੀ 2,700 ਦੱਸੀ, ਹਿਊਮਨ ਐਂਡ ਸਿਵਲ ਰਾਈਟਸ ਕਾਰਜਕਰਤਾ 3,873 ਵਿਅਕਤੀਆਂ ਦੇ ਮਾਰੇ ਜਾਣ ਦਾ ਪਤਾ ਲਗਾਉਣ ਦੇ ਯੋਗ ਹੋਏ ਸਨ। ਵੱਖ-ਵੱਖ ਮੁਹੱਲਿਆਂ ਅਤੇ ਆਉਂਦੇ-ਜਾਂਦਿਆਂ ਮਾਰੇ ਗਏ ਸਿੱਖਾਂ ਦੀ ਗਿਣਤੀ ਨੂੰ ਸ਼ਾਮਲ ਕੀਤਾ ਜਾਵੇ ਤਾਂ ਮੌਤਾਂ ਦੀ ਗਿਣਤੀ 8,000 ਅਤੇ 10,000 ਦੇ ਵਿਚਕਾਰ ਹੋਵੇਗੀ।

ਹਿੰਦੀ ਪੱਟੀ ਵਾਲੇ ਕਾਂਗਰਸ (ਆਈ) ਸਰਕਾਰ ਦੇ ਰਾਜ ਵਾਲੀਆਂ ਸਟੇਟਾਂ ਵਿਚ ਮੌਤ ਦੇ ਘਾਟ ਉਤਾਰ ਦਿੱਤੇ ਗਏ ਸਿੱਖਾਂ ਦੀ ਗਿਣਤੀ ਹਜ਼ਾਰਾਂ ਵਿਚ ਹੈ। ਕਈ ਥਾਈਂ ਸਿੱਖ ਟਰੱਕ ਡਰਾਈਵਰ ਮਾਰ ਦਿੱਤੇ ਗਏ ਸਨ।

ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ 2,000 ਤੋਂ 3,000 ਵਿਚਕਾਰ ਸਿੱਖ ਕਮਿਊਟਰਜ਼ ਨੂੰ ਗੱਡੀਆਂ ਵਿਚ ਝਟਕਾਅ ਦਿੱਤਾ ਗਿਆ ਸੀ। ਇਕ ਸਾਬਕਾ ਰੇਲ ਮੰਤਰੀ ਨੇ ਪੁਸ਼ਟੀ ਕੀਤੀ ਕਿ ਰੇਲਵੇ ਨੇ ਹੁਣ ਘੱਟ ਤੋਂ ਘੱਟ ਅਜਿਹੇ 700 ਸ਼ਿਕਾਰ ਹੋਏ ਵਿਅਕਤੀਆਂ ਦਾ ਪਤਾ ਲਗਾਇਆ ਹੈ।

1984 ਦੀ ਨਸਲਕੁਸ਼ੀ ਦੌਰਾਨ ਮਾਰੇ ਗਏ ਵਿਅਕਤੀਆਂ ਦਾ ਇਕੱਤਰ ਕੀਤਾ ਗਿਆ ਅੰਕੜਾ ਲਗਭਗ 20,000 ਹੋ ਸਕਦਾ ਹੈ।

*ਅੰਕੜੇ ਕਿਸ-ਕਿਸ ਨਾਲ ਸਬੰਧਤ ਹਨ?*

| *ਸਟੇਟ* | *ਪੁਲਿਸ* (ਸਰਕਾਰੀ) | *ਪੁਲਿਸ* (ਗੈਰ-ਸਰਕਾਰੀ) | *ਮਨੁੱਖੀ ਅਧਿਕਾਰ* | *ਮੈਜਿਸਟ੍ਰੇਟੀ* |
|---|---|---|---|---|
| ਬਲਿਊਸਟਾਰ | 586 | 4,712[1] | 10,000 | |
| ਵੁੱਡਰੋਜ਼ | 59 | 3,000 | 8,000 | |
| ਨਵੰਬਰ ' 84 | | | | |
| ਦਿੱਲੀ | 2,712 | 3,872[2] | 10,000 | |
| ਹੋਰ ਰਾਜ | 300 | 3,000 | 10,000[5] | |
| ਪੰਜਾਬ | | | | |
| | 2,00,000[6] | | | |
| ਹੱਤਿਆਵਾਂ | 26,700[7] | 58,469[3] | 80,000 | |
| ਲਾਪਤਾ | | 20,000 | 50,000 | |
| ਹੋਰ ਰਾਜ | | | | |
| ਹੱਤਿਆਵਾਂ | | 5,000 | 10,000 | |
| ਲਾਪਤਾ | | 3,000 | 5,000 | |
| ਹਿੰਦੀ ਪੱਟੀ ਰਾਜ | | 10,000 | 5,000 | |
| ਕੁੱਲ : | 30,357 | 1,11,053 | 1,83,000 | |

ਪੁਲਿਸ (ਸਰਕਾਰੀ) : 30,357

ਪੁਲਿਸ (ਗੈਰ-ਸਰਕਾਰੀ) : 1,11,053

ਅਕਾਲੀ ਦਲ : 1,45,000[4]

ਮਨੁੱਖੀ ਅਧਿਕਾਰ : 1,83,000

ਸਾਧਨ:

1. ਵੇਦ ਮਰਵਾਹ, ਸੀਨੀਅਰ ਪੁਲਿਸ ਅਫ਼ਸਰ, ਸਾਬਕਾ ਡਾਇਰੈਕਟਰ ਜਨਰਲ, ਨੈਸ਼ਨਲ ਸਕਿਉਰਿਟੀ ਗਾਰਡਜ਼ ਐਂਡ ਸਪੈਸ਼ਲ ਸਕੱਤਰ, ਗ੍ਰਿਹ ਮਾਮਲੇ ਨੇ ਆਪਣੀ ਪੁਸਤਕ "**ਅਨਸਿਵਲ ਵਾਰਜ਼**" ਵਿਚ ਓਪਰੇਸ਼ਨ

ਬਲਿਊਸਟਾਰ ਬਾਰੇ ਲਿਖਿਆ ਹੈ: "ਸਰਕਾਰੀ ਵਾਈਟ ਪੇਪਰ ਮੁਤਾਬਕ ਓਪਰੇਸ਼ਨ ਬਲਿਊਸਟਾਰ ਵਿਚ 4,712 ਵਿਅਕਤੀ ਮਾਰੇ ਗਏ ਸਨ ਅਤੇ 10,000 ਗਿਰਫਤਾਰ ਕੀਤੇ ਗਏ ਸਨ।"

2. ਦਿੱਲੀ ਵਿਚ ਨਵੰਬਰ, 1984 ਵਿਚ ਹੋਏ ਕਤਲੇਆਮ ਦੇ ਸ਼ਿਕਾਰ ਹੋਏ ਵਿਅਕਤੀਆਂ, ਜਿਨ੍ਹਾਂ ਦੀ ਸ਼ਨਾਖ਼ਤ ਸਿਵਲ ਰਾਈਟਸ ਗੁੱਟਾਂ ਨੇ ਕੀਤੀ, ਦੀ ਛਪਵਾਈ ਗਈ ਸੂਚੀ।

3. ਪੰਜਾਬ ਪੁਲਿਸ ਦੇ ਦੋਸ਼ੀ ਅਫ਼ਸਰਾਂ ਦੀ ਪੈਰਵੀ ਕਰਦਿਆਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਅੱਗੇ ਗਵਾਹੀ ਦਿੰਦਿਆਂ ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਰਾਮਾਸਵਾਮੀ ਨੇ ਦੱਸਿਆ : "1700 ਪੁਲਿਸ ਕਰਮਚਾਰੀਆਂ ਤੋਂ ਇਲਾਵਾ 55,000 ਵਿਅਕਤੀ ਸ਼ਿਕਾਰ ਹੋਏ।" **ਟ੍ਰਿਬਿਊਨ** ਅਤੇ **ਇੰਡੀਅਨ ਐਕਸਪ੍ਰੈਸ** ਮਿਤੀ 27.2.1997 ਵਿਚ ਰਾਜ ਦੀ ਪੁਲਿਸ ਦੇ ਕਰਮਚਾਰੀਆਂ ਦੇ ਅੰਕੜੇ ਦਾ ਹਵਾਲਾ 1,769 ਹੈ। ਇਸ ਵਿਚ 1,700 ਮਾਰੇ ਗਏ ਫੌਜੀ ਸ਼ਾਮਲ ਕਰ ਲਓ।

17 ਮਈ, 1998 ਦੇ ਅੰਗਰੇਜ਼ੀ **ਟ੍ਰਿਬਿਊਨ** ਵਿਚ ਪੱਤਰਕਾਰ ਗੋਬਿੰਦ ਠੁਕਰਾਲ ਨੇ ਦੱਸਿਆ ਕਿ ਸਰਕਾਰ ਦੇ ਸੀਨੀਅਰ ਮੰਤਰੀ ਦੇ ਕਥਨ ਅਨੁਸਾਰ ਪੰਜਾਬ ਵਿਚ 50,000 ਨਿਰਦੋਸ਼ ਬੰਦੇ ਖਾੜਕੂ ਲਹਿਰ ਵਿਚ ਮਾਰੇ ਗਏ ਸਨ।

4. ਜਨਵਰੀ, 1995 ਵਿਚ ਤਲਵੰਡੀ ਸਾਬੋ ਵਿਖੇ ਸੰਯੁਕਤ ਅਕਾਲੀ ਦਲਾਂ ਨੇ ਵੀ ਨਿਰਧਾਰਨ ਕੀਤਾ।

5. 1990 ਵਿਚ ਕੇਂਦਰੀ ਰੇਲ ਮੰਤਰੀ, ਜਾਰਜ ਫਰਨਾਂਡੇਜ਼ ਨੇ ਨਵੰਬਰ, 1984 ਵਿਚ ਰੇਲਵੇ ਦੇ ਅਧਿਕਾਰ-ਖੇਤਰ ਵਿਚ ਸਿੱਖਾਂ ਦੀਆਂ ਹੱਤਿਆਵਾਂ ਦੀ ਜਾਂਚ ਕਰਨ ਦਾ ਹੁਕਮ ਦਿੱਤਾ। ਲੇਖਕ ਉਸ ਨੂੰ ਬਾਅਦ ਵਿਚ ਮਿਲਿਆ ਅਤੇ ਕਿਹਾ ਕਿ ਮੌਤਾਂ ਦੀ ਗਿਣਤੀ ਕੋਈ 700 ਦੇ ਨੇੜੇ ਹੋ ਗਈ ਹੈ ਪਰੰਤੂ ਮਾਮਲਾ ਗੁਪਤ ਸੀ ਇਸ ਕਰਕੇ ਉਹ ਸਰਕਾਰੀ ਤੌਰ ਤੇ ਇਸ ਨੂੰ ਸੂਚਿਤ ਕਰਨਾ ਨਹੀਂ ਸੀ ਚਾਹੁੰਦਾ। ਰੇਲਵੇ ਦੇ ਅਧਿਕਾਰ-ਖੇਤਰ ਵਿਚ ਹੱਤਿਆਵਾਂ ਦਾ ਸਾਡਾ ਅਨੁਮਾਨ 2,000 ਤੋਂ 3,000 ਦੇ ਵਿਚ-ਵਿਚ ਹੈ।

6. ਇਹ ਅੰਕੜੇ 1993 ਵਿਚ ਪੰਜਾਬ ਸਿਵਲ ਸੇਵਾਵਾਂ ਦੀ ਐਸੋਸਿਏਸ਼ਨ ਦੁਆਰਾ ਪੰਜਾਬ ਦੇ ਰਾਜਪਾਲ ਨੂੰ ਪੇਸ਼ ਕੀਤੇ ਗਏ ਮੈਮੋਰੰਡਮ ਦੇ ਹਵਾਲੇ ਨਾਲ ਹਨ।

7. ਇਨ੍ਹਾਂ ਵਿਚ ਕਾਰਵਾਈ ਦੌਰਾਨ ਮਾਰੇ ਗਏ ਫੌਜੀਆਂ ਦੀ ਗਿਣਤੀ ਸ਼ਾਮਲ ਨਹੀਂ ਹੈ। ਕੇ.ਪੀ.ਐਸ. ਗਿੱਲ ਮੁਤਾਬਕ ਇਨ੍ਹਾਂ ਦੀ ਗਿਣਤੀ ਮਾਰੇ ਗਏ ਪੁਲਿਸ ਕਰਮਚਾਰੀਆਂ ਦੀ ਗਿਣਤੀ ਦੇ ਲਗਭਗ ਬਰਾਬਰ ਹੀ ਹੈ। ਮਾਰੇ ਗਏ ਪੁਲਿਸ ਕਰਮਚਾਰੀਆਂ ਦਾ ਸਹੀ ਅੰਕੜਾ 1,769 ਹੈ। ਮਾਰੇ ਗਏ ਫੌਜੀਆਂ ਦੀ ਗਿਣਤੀ ਲਗਭਗ 1,700 ਹੋਵੇਗੀ।

1994 ਤਕ ਮਾਰੇ ਗਏ ਵਿਅਕਤੀਆਂ ਦਾ ਪਿਛਲਾ ਅੰਕੜਾ 21,119

ਸੀ। ਹੁਣ ਇਹ 26,700 ਤੇ ਪਹੁੰਚ ਗਿਆ ਹੈ। ਇਹ ਸਪੱਸ਼ਟ ਨਹੀਂ ਹੈ ਕਿ ਕੀ ਬਾਕੀ ਦੇ 4,581 ਉਦੋਂ ਤੋਂ ਮਾਰ ਦਿੱਤੇ ਗਏ ਹਨ ਜਾਂ ਕੀ ਕੁੱਝ ਹੱਤਿਆਵਾਂ ਨੂੰ ਪਿਛਲੀ ਗਿਣਤੀ ਵਿਚ ਹੁਣ ਜੋੜ ਦਿੱਤਾ ਗਿਆ ਹੈ।

1992 ਦੇ ਕਾਂਗਰਸ ਦੇ ਚੋਣ ਮਨੋਰਥ-ਪੱਤਰ ਵਿਚ ਐਲਾਨ ਕੀਤਾ ਗਿਆ ਸੀ ਕਿ 30,000 ਨਿਰਦੋਸ਼ ਲੋਕਾਂ ਦੀ ਹੱਤਿਆ ਕੀਤੀ ਗਈ ਹੈ। ਜੇਕਰ ਇਸ ਵਿਚ 7,628 ਖਾੜਕੂਆਂ ਦਾ ਸਰਕਾਰੀ ਅੰਕੜਾ ਅਤੇ 1,769 ਪੁਲਿਸ ਕਰਮਚਾਰੀਆਂ (ਸਰਕਾਰੀ ਅੰਕੜਾ) ਅਤੇ 1,700 ਫੌਜੀਆਂ (ਕੇ.ਪੀ.ਐਸ. ਗਿੱਲ ਦੁਆਰਾ ਵਰਣਿਤ ਕੀਤਾ ਗਿਆ) ਨੂੰ ਸ਼ਾਮਲ ਕਰ ਦਿੱਤਾ ਜਾਵੇ ਤਾਂ ਇਹ ਅੰਕੜਾ 41,097 ਬਣ ਜਾਂਦਾ ਹੈ।

ਗੈਰ-ਸਰਕਾਰੀ ਪੁਲਿਸ ਅੰਕੜੇ 1,11,053 ਅਤੇ ਮੈਜਿਸਟ੍ਰੇਟੀ ਦੁਆਰਾ ਦੱਸੇ ਗਏ 2 ਲੱਖ-ਪਲੱਸ ਵਿਚਕਾਰ ਜ਼ਰੂਰ ਕਿਧਰੇ ਭੁਲੇਖਾ ਪਾਇਆ ਗਿਆ ਹੈ। ਕਿਹੜਾ ਅੰਕੜਾ ਸਹੀ ਹੋ ਸਕਦਾ ਹੈ? ਇਸ ਸਮੇਂ ਇਹ ਕਹਿਣਾ ਅਸੰਭਵ ਹੈ। ਨਿਆਂ ਅਤੇ ਮਨੁੱਖਤਾ ... ਅਤੇ ਇਤਿਹਾਸ ਦੇ ਹਿੱਤਾਂ ਵਿਚ ਇਹ ਉਮੀਦ ਕੀਤੀ ਜਾਂਦੀ ਹੈ ਕਿ ਅਸਲੀਅਤ ਤੋਂ ਦੂਰ ਚਲੇ ਜਾਣ ਤੋਂ ਪਹਿਲਾਂ ਇਸ ਸਬੰਧੀ ਗਣਨਾ ਕਰਵਾਈ ਜਾਵੇ ਤਾ ਕਿ ਆਖਰ ਇਕ ਸਹੀ ਤਸਵੀਰ ਸਾਹਮਣੇ ਲਿਆਈ ਜਾ ਸਕੇ।

ਉਹ ਲੋਕ ਕੌਣ ਸਨ? 1984 ਤੋਂ 1991 ਤਕ ਦੇ ਸਮੇਂ ਲਈ ਸਰਕਾਰੀ ਅੰਕੜੇ (ਡੀ ਜੀ ਪੀ ਕੇ.ਐਸ. ਢਿੱਲੋਂ ਦੁਆਰਾ ਆਈ ਸੀ ਐਸ ਐਸ ਆਰ ਵਲੋਂ 27 ਫਰਵਰੀ ਤੋਂ 1 ਮਾਰਚ, 1995 ਤਕ ਪੰਜਾਬ ਦੇ ਸਮਕਾਲੀ ਇਤਿਹਾਸ ਤੇ ਸੱਦੀ ਗਈ ਕਾਨਫਰੰਸ ਵਿਚ ਇਕ ਭਾਸ਼ਣ ਦੌਰਾਨ ਹਵਾਲਾ ਦਿੱਤੇ ਗਏ) ਮੌਜੂਦ ਹਨ ਅਤੇ ਇਨ੍ਹਾਂ ਤੋਂ ਸ਼ਿਕਾਰ ਹੋਏ ਵਿਅਕਤੀਆਂ ਦਾ ਉਨ੍ਹਾਂ ਦੇ ਧਰਮ ਸੰਬੱਧਤਾ ਅਨੁਸਾਰ ਪਤਾ ਲਗਾਇਆ ਗਿਆ ਹੈ। ਇਨ੍ਹਾਂ ਅੰਕੜਿਆਂ ਅਨੁਸਾਰ 1984 ਤੋਂ 1991 ਤਕ ਮਾਰੇ ਗਏ ਹਿੰਦੂਆਂ ਦੀ ਗਿਣਤੀ 3,817 ਸੀ। ਬਾਕੀ ਦੇ (6,169) ਸਿੱਖ ਸਨ। 1992-94 ਦੇ ਸਮੇਂ ਦੌਰਾਨ 9ਜਿਸ ਨਾਲ ਸਬੰਧਤ ਸੰਖੇਪ ਅੰਕੜੇ ਮੌਜੂਦ ਨਹੀਂ ਹਨ) ਬਹੁਤ ਘੱਟ ਹਿੰਦੂ ਮਾਰੇ ਗਏ ਹਨ; ਸ਼ਿਕਾਰ ਹੋਏ ਜ਼ਿਆਦਾਤਰ ਵਿਅਕਤੀਆਂ ਦੀ ਗਿਣਤੀ ਸਿੱਖਾਂ ਦੀ ਹੈ।

ਪੰਜਾਬ ਦੇ ਡੀ ਜੀ ਪੀ ਕੇ.ਪੀ.ਐਸ. ਗਿੱਲ ਦੇ ਅੰਕੜਿਆਂ ਅਨੁਸਾਰ ਮਾਰੇ ਗਏ ਕੁਲ 25,000 ਲੋਕਾਂ ਵਿਚੋਂ ਤੁਸੀਂ ਆਰਾਮ ਨਾਲ ਅਨੁਮਾਨ ਲਗਾ ਸਕਦੇ ਹੋ ਕਿ ਮਾਰੇ ਗਏ ਹਿੰਦੂਆਂ ਦੀ ਗਿਣਤੀ 4,500 ਤੋਂ ਵੱਧ ਨਹੀਂ ਹੈ।

**ਇੰਡੀਆ ਟੁਡੇ** ਜੋ ਕਿ ਭਾਰਤੀ ਖਬਰਾਂ ਦਾ ਇਕ ਬਹੁਤ ਵੱਡਾ ਰਸਾਲਾ ਹੈ ਦੇ 15 ਜੂਨ, 1993 ਦੇ ਅੰਕ ਵਿਚ, ਇਸਦੇ ਪੱਤਰਕਾਰ ਕੰਵਰ ਸੰਧੂ ਨੇ ਸਿੱਖਾਂ ਦੀਆਂ ਤਕਲੀਫਾਂ ਦਾ ਹੱਲ ਲਭਿਆਂ : "ਕਈ ਵਾਰ ਘਟਨਾ ਏਨੀ ਗੰਭੀਰ ਜਾਪਦੀ ਸੀ ਕਿ ਉਸ ਨੂੰ ਬਿਆਨ ਕਰਨਾ ਵੀ ਔਖਾ ਸੀ। ਲਗਭਗ ਸਾਰੀ ਨੌਜਵਾਨ ਪੀੜ੍ਹੀ ਖ਼ਤਮ ਕਰ ਦਿੱਤੀ ਗਈ ਜਾਪਦੀ ਹੈ ਅਤੇ ਨੌਜਵਾਨਾਂ ਨੂੰ ਬਹੁਤ

ਬੁੱਢੇ ਬਣਾ ਕੇ ਰੱਖ ਦਿੱਤਾ ਹੈ।"

ਤੁਸੀਂ ਕਿਸੇ ਵੀ ਮੌਤ ਦੇ ਅੰਕੜੇ ਨੂੰ ਲੈ ਲਓ : ਇਸ ਵਿਚੋਂ ਉਹੋ ਕੁਝ ਮਿਲੇਗਾ : ਸ਼ਿਕਾਰ ਹੋਏ ਵਿਅਕਤੀਆਂ ਵਿਚ ਬਹੁਤੇ ਉਹ ਸਨ ਜਿਹੜੇ ਸਾਂਝੇ ਧਰਮ ਵਿਚ ਵਿਸ਼ਵਾਸ ਰਖਦੇ ਸਨ ਲੇਕਿਨ ਹੈ ਉਹ ਸਿੱਖ ਸਨ। ਜਦੋਂ ਕਿਸੇ ਖਾਸ ਨਸਲ ਜਾਂ ਧਾਰਮਿਕ ਹੋਂਦ ਵਾਲੀ ਕਿਸੇ ਕੌਮ ਨੂੰ ਵਿਨਾਸ਼ ਦਾ ਨਿਸ਼ਾਨਾ ਬਣਾਇਆ ਜਾਵੇ ਅਤੇ ਉਸ ਦੇ ਸਿੱਟੇ ਵਜੋਂ ਹਜ਼ਾਰਾਂ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਜਾਵੇ ਤਾਂ ਕੀ ਉਸ ਲਈ ਲੋਕਘਾਤ ਦਾ ਸ਼ਬਦ ਨਹੀਂ ਵਰਤਿਆ ਜਾਵੇਗਾ।

ਨੋਟ : ਜਦੋਂ ਇਸ ਰਿਪੋਰਟ ਦਾ ਪਹਿਲਾ ਖਰੜਾ ਲਿਖਿਆ ਜਾ ਰਿਹਾ ਸੀ ਤਾਂ ਜਿਨ੍ਹਾਂ ਨੇ ਇਸ ਨੂੰ ਪੜ੍ਹਿਆ ਉਨ੍ਹਾਂ ਵਿਚੋਂ ਬਹੁਤਿਆਂ ਨੇ "ਲੋਕਘਾਤ" ਸ਼ਬਦ ਦੀ ਵਰਤੋਂ ਕਰਨ ਦਾ ਵਿਰੋਧ ਕੀਤਾ ਅਤੇ ਇਸ ਦੀ ਥਾਂ ਕਿਸੇ ਨਰਮ ਸ਼ਬਦ ਦੀ ਵਰਤੋਂ ਕਰਨ ਤੇ ਜ਼ੋਰ ਦਿੱਤਾ। ਲੇਕਿਨ ਜਿਉਂ ਜਿਉਂ ਅਦਾਲਤੀ ਕੇਸਾਂ ਅਤੇ ਕਈ ਜਾਂਚ ਕਰਨ ਵਾਲੀਆਂ ਏਜੰਸੀਆਂ ਦੀਆਂ ਰਿਪੋਰਟਾਂ ਰਾਹੀਂ ਹੌਲੀ-ਹੌਲੀ ਫੁੱਟ ਰਹੀ ਨਿਰਵਿਵਾਦ ਗਵਾਹੀ ਸਾਹਮਣੇ ਆਈ ਤਾਂ ਇਹ ਸ਼ਬਦ (ਲੋਕਘਾਤ) ਸਭ ਨੂੰ ਠੀਕ ਲੱਗਣ ਲੱਗਾ।

ਹੁਣ **ਇੰਡੀਅਨ ਐਕਸਪ੍ਰੈਸ** ਦੇ ਸੰਪਾਦਕ ਸ਼ੇਖਰ ਗੁਪਤਾ ਨੇ ਆਪਣੇ "ਪੰਜਾਬ ਦੇ ਬੀਤੇ ਸਮੇਂ ਲਈ ਕੌਣ ਜ਼ਿੰਮੇਵਾਰ ਹੈ?" ਆਰਟੀਕਲ ਵਿਚ ਕਿਹਾ: "ਨੀਤੀ ਸਿਆਸਤਦਾਨ ਬਣਾਉਂਦੇ ਹਨ" (**ਇੰਡੀਅਨ ਐਕਸਪ੍ਰੈਸ** ਅਗਸਤ, 1996)।

"ਹੁਣ ਇਹ ਕਹਿਣਾ ਆਸਾਨ ਹੈ ਕਿ ਪੰਜਾਬ ਵਿਚ ਪੁਲਿਸ ਨੇ ਮਨ-ਮਰਜ਼ੀ ਨਾਲ ਹੱਤਿਆਵਾਂ, ਲੁੱਟਾਂ-ਮਾਰਾਂ ਅਤੇ ਅੱਗਾਂ ਲਗਾਈਆਂ ਸਨ। ਲੇਕਿਨ ਫਿਰ ਕੇ.ਪੀ.ਐਸ. ਗਿੱਲ ਅਤੇ ਕਾਲੀਆਂ ਬਿੱਲੀਆਂ ਦੀ ਫੌਜ (ਹੋਰਨਾਂ ਦਾ ਪਤਾ ਲਗਾਉਣ ਅਤੇ ਖਾਤਮਾ ਕਰਨ ਲਈ ਖ਼ਰੀਦੇ ਗਏ ਅੱਤਵਾਦੀ) ਤਿਆਰ ਕਰਨ ਵਾਸਤੇ ਖਾੜਕੂ ਵਫਾਦਾਰਾਂ ਨੂੰ ਖ਼ਰੀਦਣ ਲਈ ਬੇਗਿਣਤ ਪੈਸੇ ਨਾਲ ਭਰੇ ਸੂਟਕੇਸਾਂ ਸਮੇਤ ਇਕ ਬਹੁਤ ਭਰੋਸੇਯੋਗ 'ਸ੍ਰੇਸ਼ਟ' ਜਾਂਚ ਬਿਊਰੋ ਕਿਸ ਦੀ ਦੇਣ ਹੈ?

"ਅੱਤਵਾਦੀ ਨੇਤਾਵਾਂ ਦੇ ਰਿਸ਼ਤੇਦਾਰਾਂ ਦੇ ਜਵਾਬੀ-ਅਪਹਰਣ ਦਾ ਅਧਿਕਾਰ ਕਿਸ ਨੇ ਦਿੱਤਾ? "ਦੇਖਦਿਆਂ ਹੀ ਗੋਲੀ ਮਾਰ ਦੇਣ" ਦੀ ਅੱਤਵਾਦੀਆਂ ਦੀ ਸੂਚੀ ਨੂੰ ਪ੍ਰਵਾਨਗੀ ਕਿਸ ਨੇ ਦਿੱਤੀ?" ਕਿਸ ਅੰਦਰੂਨੀ ਸੁਰੱਖਿਆ ਮੰਤਰੀ ਨੇ ਵਿਸ਼ਵ ਭਰ ਵਿਚ ਨਿੰਦਿਤ 'ਟਰੂਥ ਸੀਰਮ' ਫੜੇ ਗਏ ਖਾੜਕੂਆਂ ਨੂੰ ਲਗਾਏ ਜਾਣ ਲਈ ਆਯਾਤ ਕਰਨ ਲਈ ਜ਼ਾਤੀ ਤੌਰ ਤੇ ਕੇਸ ਦੀ ਪੈਰਵੀ ਕੀਤੀ।

ਆਖਰ ਵਿਚ, ਜੇਕਰ ਸੁਪਰੀਮ ਕੋਰਟ ਨੂੰ ਇਸਦਾ ਪਤਾ ਲਗ ਜਾਂਦਾ ਹੈ, ਤਾਂ ਜੇਲ੍ਹ ਕੌਣ ਜਾਵੇਗਾ, - ਮੰਤਰੀ ਜਾਂ ਵਿਚਾਰਾ ਬੀ ਐਸ ਐਫ ਦਾ ਡਾਕਟਰ ਜਿਸ ਨੂੰ ਟੀਕਾ ਲਗਾਉਣ ਲਈ ਮਜਬੂਰ ਕੀਤਾ ਗਿਆ ਸੀ ਜਦ ਕਿ ਹੋਰਨਾਂ

ਡਾਕਟਰਾਂ ਨੇ ਨਾਰਥ ਬਲਾਕ ਨੂੰ ਹਿਪੋਕਰੈਟਿਕ ਓਥ ਵਿਖਾ ਦਿੱਤੀ।

"ਪੰਜਾਬ ਸੰਕਟ ਦੌਰਾਨ ਪੰਜ ਪ੍ਰਧਾਨ ਮੰਤਰੀ ਅਤੇ ਇੰਨੇ ਹੀ ਅੰਦਰੂਨੀ ਸੁਰੱਖਿਆ ਮੰਤਰੀ ਰਹੇ। ਹਰ ਇਕ ਨੂੰ ਸਪੱਸ਼ਟ ਤੌਰ ਤੇ ਪਤਾ ਸੀ ਕਿ ਕੀ ਕੁਝ ਹੋ ਰਿਹਾ ਹੈ। ਕਈ ਆਮ ਤੌਰ ਤੇ ਇਹ ਸ਼ੇਖੀ ਨਾਲ ਕਹਿੰਦੇ ਕਿ ਕਿੰਨੀ ਬੇਰਹਿਮੀ ਨਾਲ ਉਨ੍ਹਾਂ ਨੇ ਬਾਗ਼ੀਆਂ ਦੇ ਛੱਕੇ ਛੁਡਾਏ ਹਨ ਅਤੇ ਉਨ੍ਹਾਂ ਨੂੰ ਦਬਾਇਆ ਹੈ। ਉਹ ਹੁਣ ਕਿਉਂ ਛੁਪੇ ਹੋਏ ਹਨ? ਉਨ੍ਹਾਂ ਤੇ ਲੋਕਘਾਤ ਦਾ ਦੋਸ਼ ਕਿਉਂ ਨਹੀਂ ਲਗਾਇਆ ਜਾਂਦਾ?"

ਖ਼ੈਰ ... ਇਕ ਪੱਤਰਕਾਰ ਭਾਵੇਂ ਆਪਣੇ ਸ਼ਬਦਾਂ ਵਿਚ ਇਸ ਨੂੰ ਜਿਵੇਂ ਚਾਹੇ ਬਿਆਨ ਕਰੇ। ਪ੍ਰੰਤੂ ਭਾਰਤ ਦੀ ਸੁਪਰੀਮ ਕੋਰਟ ਬਾਰੇ ਕੀ ਕਿਹਾ ਜਾ ਸਕਦਾ ਹੈ? ਸੁਪਰੀਮ ਕੋਰਟ ਦੇ ਜੱਜ ਚੁਕੰਨੇ ਰਹਿਣ ਅਤੇ ਬਹੁਤ ਹੀ ਸੋਚੇ-ਸਮਝੇ ਫੈਸਲੇ ਦੇਣ ਲਈ ਬੱਝੇ ਹੋਏ ਹਨ। ਉਹ ਲੋਕਘਾਤ ਦੇ ਸ਼ਬਦ ਨੂੰ ਅਸਾਨੀ ਨਾਲ ਨਹੀਂ ਵਰਤਨਗੇ। ਪ੍ਰੰਤੂ ਜਸਟਿਸ ਕੁਲਦੀਪ ਸਿੰਘ ਅਤੇ ਸਘੀਰ ਅਹਿਮਦ ਤੇ ਆਧਾਰਤ ਸੁਪਰੀਮ ਕੋਰਟ ਦੇ ਇਕ ਡਿਵੀਜ਼ਨ ਬੈਂਚ ਨੇ ਉਨ੍ਹਾਂ ਦੋਸ਼ਾਂ ਕਿ ਪੰਜਾਬ ਪੁਲਿਸ ਨੇ 1990-95 ਦੇ ਸਮੇਂ ਦੌਰਾਨ ਹਜ਼ਾਰਾਂ ਲਾਸ਼ਾਂ ਦਾ ਨਿਪਟਾਰਾ ਚੋਰੀਂ-ਛਿੱਪੇ ਕੀਤਾ, ਦੀ ਪੜਤਾਲ ਨੂੰ ਜਾਰੀ ਰੱਖਣ ਲਈ ਕੇਂਦਰੀ ਜਾਂਚ ਬਿਊਰੋ ਨੂੰ ਹਦਾਇਤਾਂ ਕਰਦਿਆਂ ਆਪਣੇ ਹੁਕਮ ਵਿਚ ਇਸ ਸ਼ਬਦ ਦੀ ਵਰਤੋਂ ਕੀਤੀ ਹੈ। ਸੀ.ਬੀ.ਆਈ. ਦੁਆਰਾ ਪੇਸ਼ ਕੀਤੀ ਗਈ 74 ਪੰਨਿਆਂ ਦੀ ਮੁੱਢਲੀ ਰਿਪੋਰਟ, ਜਿਸ ਤੋਂ ਇਹ ਪ੍ਰਤੱਖ ਗਵਾਹੀ ਮਿਲਦੀ ਸੀ ਕਿ ਪੁਲਿਸ ਨੇ ਬਿਨਾਂ ਸ਼ਨਾਖ਼ਤ ਕੀਤਿਆਂ 984 ਲਾਸ਼ਾਂ ਦਾ ਸਸਕਾਰ ਕੀਤਾ ਸੀ, ਤੇ "ਖ਼ੌਫ ਅਤੇ ਸਦਮਾ" ਜ਼ਾਹਰ ਕਰਦਿਆਂ ਅਦਾਲਤ ਨੇ ਡੀ.ਆਈ.ਜੀ. (ਸਰਹੱਦੀ) ਬੀ.ਐਸ. ਸੰਧੂ ਨੂੰ ਹੁਕਮ ਦਿੱਤਾ ਕਿ ਸਾਰਾ ਸਬੰਧਤ ਰਿਕਾਰਡ ਬਿਨਾਂ ਕਿਸੇ ਦੇਰੀ ਦੇ ਸੀ.ਬੀ.ਆਈ. ਨੂੰ ਸੌਂਪ ਦਿੱਤਾ ਜਾਵੇ ਨਹੀਂ ਤਾਂ ਇਸ ਨੂੰ ਅਦਾਲਤ ਦੀ ਮਾਨਹਾਨੀ ਸਮਝਿਆ ਜਾਵੇਗਾ। ਜੱਜਾਂ ਨੇ ਵਿਚਾਰ ਪ੍ਰਗਟ ਕੀਤੇ ਕਿ ਉਨ੍ਹਾਂ ਦੇ ਸਾਹਮਣੇ ਦਿੱਤੀ ਗਈ ਗਵਾਹੀ ਤੋਂ ਜ਼ਾਹਰ ਹੈ ਕਿ ਹਾਲਾਤ "ਲੋਕਘਾਤ ਤੋਂ ਵੀ ਬਦਤਰ ਸਨ ... ਅਜਿਹੀ ਘਟਨਾ ਇਕ ਲੋਕਤੰਤਰ ਵਿਚ ਵਾਪਰ ਰਹੀ ਹੈ, ਸੋਚ ਕੇ ਹੀ ਅਸੀਂ ਕੰਬ ਜਾਂਦੇ ਹਾਂ।" (**ਦਿ ਟ੍ਰਿਬਿਊਨ** ਅਤੇ **ਦਿ ਇੰਡੀਅਨ ਐਕਸਪ੍ਰੈਸ**, 22 ਜੁਲਾਈ, 1996 ਵਿਚ ਪ੍ਰਕਾਸ਼ਿਤ)।

ਇਸ ਸਭ ਕੁਝ ਤੋਂ ਬਾਅਦ **ਲੋਕਘਾਤ** ਦਾ ਸ਼ਬਦ "ਬੇਹਦ ਸਖ਼ਤ" ਸ਼ਬਦ ਨਹੀਂ ਜਾਪਦਾ।